1920 ਤੋਂ

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਜਿਲਦ 105
ਨੰਬਰ 25

੧੯ ਮਾਘ ਤੋਂ ੪ ਫੱਗਣ ੨੦੮੧ ਬਿ.
1 to 15 February 2025

# ਸਤਿਜੁਗ



## ਸ੍ਰੀ ਸਤਿਗੁਰੂ ਰਾਮ ਸਿੰਘ ਜੀ

*ਸਿੱਖੀ ਬਾਗ ਖ਼ਿਜ਼ਾ ਜਦ ਗ੍ਰਸਿਆ ਭਇਆ ਪੱਤ੍ਰ ਬਿਨ ਸਾਇਆ*
*ਰੂਪ ਬਸੰਤ ਦਾ ਧਾਰ ਕੇ ਬਾਬਾ ਦਿਨ ਬਸੰਤ ਦੇ ਆਇਆ*

–ਭਾਈ ਕਾਨ੍ਹ ਸਿੰਘ ਨਾਭਾ

10/–

# ਸ. ਹਰਵਿੰਦਰ ਸਿੰਘ ਹੰਸਪਾਲ ਦੇ ਭੋਗ ਸਮਾਗਮ ਦੀਆਂ ਵੱਖ-ਵੱਖ ਝਲਕੀਆਂ

31.12.2024



















# ਸਤਿਜੁਗ

੧੯ ਮਾਘ ਤੋਂ ੪ ਫੱਗਣ ੨੦੮੧ ਬਿ.

1 ਤੋਂ 15 ਫਰਵਰੀ 2025 ਈ.

ਜਿਲਦ 105, ਨੰਬਰ 25



ਸਲਾਹਕਾਰ ਮੈਂਬਰ

ਸੁਵਰਨ ਸਿੰਘ ਵਿਰਕ, ਸੰਤ ਨਿਸ਼ਾਨ ਸਿੰਘ, ਹਰਪਾਲ ਸਿੰਘ ਸੇਵਕ, ਗੁਰਭੇਜ ਸਿੰਘ ਗੁਰਾਇਆ

ਸੰਪਾਦਕ: ਗੁਰਲਾਲ ਸਿੰਘ

Editor: Gurlal Singh

Co. Editor - Dr. Khleel Khan, Gurbhagat Singh

ਸਹਿ ਸੰਪਾਦਕ: ਡਾ. ਖਲੀਲ ਖਾਨ, ਗੁਰਭਗਤ ਸਿੰਘ



*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***

ਤਰਨ ਬੱਲ
ਯੁਵਰਾਜ ਸਿੰਘ



ਪੱਤਰ ਵਿਹਾਰ ਦਾ ਪਤਾ :
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 97800-97898,
99147-02201
***Email- Satjug@sribhainisahib.com***


# ਤਤਕਰਾ


* ਸੰਪਾਦਕੀ........................................................4

* ਗੁਰਬਾਣੀ ਵਿਆਖਿਆ............................................6

* ਨਾਮਧਾਰੀ ਸਿੱਖ-ਸਦਾਚਾਰ
  ਪ੍ਰੋ. ਜਸਵੰਤ ਸਿੰਘ ਜੱਸ.................................8

* ਸਤਿਗੁਰੂ ਰਾਮ ਸਿੰਘ ਜੀ ਮਿਹਰ ਨਜ਼ਰ ਦੀ ਕੀਲ ਵਿੱਚ ਆਉਣ ਵਾਲਾ ਮਾਝੇ ਦਾ ਖਤਰਾਈਆ ਪਰਿਵਾਰ
  ਸੁਵਰਨ ਸਿੰਘ ਵਿਰਕ..................................13

* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
  ਸਵ. ਪ੍ਰੀਤਮ ਸਿੰਘ ਕਵੀ..............................22

* ਅੱਖੀਂ ਡਿੱਠਾ ਕਿੱਸਾ ਕੀਤਾ
  ਸੰਪਾ: ਸੁਵਰਨ ਸਿੰਘ ਵਿਰਕ...........................24

* **Guru Tegh Bahadur taught the next step for humanity**
  **Dr. D. P. Singh....................................................25**

* ਖ਼ਬਰਨਾਮਾ......................................................31

* **Matrimonial.................................................................42**


## ਜ਼ਰੂਰੀ ਸੂਚਨਾ

**ਪਿਆਰੇ ਸੁਖਨਵਰੋ ਤੁਹਾਡੀਆਂ ਰਚਨਾਵਾਂ ਦੀ ਬਸੰਤ ਅੰਕ ਲਈ ਸਤਿਜੁਗ ਨੂੰ ਉਡੀਕ ਹੈ। 15 ਫਰਵਰੀ ਤੱਕ ਸਤਿਜੁਗ ਨੰਬਰਾ 'ਤੇ ਸੰਪਰਕ ਕਰੋ ਜੀ।** ***Email- Satjug@sribhainisahib.com***


ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਿਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

# ਸੰਪਾਦਕੀ

ਬਸੰਤੀ ਮਾਹੀ ਦਾ ਆਗਮਨ ਬੇਰਸ, ਸੱਖਣੇ ਅਤੇ ਵਿਕਾਰਾਂ ਨਾਲ ਝੰਬੇ ਮਨਾਂ ਅੰਦਰ ਨਵੀਂ ਬਹਾਰ ਲਿਆਇਆ। ਰਾਏ ਗੋਤ ਦੇ ਜ਼ਿੰਮੀਦਾਰਾਂ ਨੂੰ ਜਦੋਂ ਦਾਈ ਰਹਿਮਤਾਂ ਨੇ ਬਸੰਤ ਪੰਚਮੀਂ ਵਾਲੇ ਦਿਨ ਕਿਹਾ, ਸਾਡੇ ਪਿੰਡ ਨੂੰ ਜਗਤ 'ਚ ਰੁਸ਼ਨਾਉਣ ਜੱਸੇ ਦੇ ਘਰ ਖੁਦ ਖੁਦਾ ਆਇਆ ਹੈ ਤਾਂ ਪਿੰਡ ਦੇ ਲੋਕਾਂ ਆਪ ਜਾ ਦਰਸ਼ਨ ਕਰ ਇਸ ਕੁਦਰਤੀ ਨੂਰ ਨਜ਼ਾਰੇ ਨੂੰ ਮਾਣਿਆਂ। ਜਿਸ ਨੂਰਾਨੀ ਦਰਸ਼ਨ ਪਾਇਆ ਉਸ ਕਿਹਾ "ਸੱਚ ਹੀ ਕੋਈ ਰੱਬੀ ਨੂਰ"। ਪਦਮ ਸ੍ਰੀ ਸੁਰਜੀਤ ਪਾਤਰ ਜੀ ਲਿਖਦੇ ਹਨ-

ਭੈਣੀ ਰਾਈਆਂ ਦੇ ਮਲ੍ਹਿਆਂ ਤੇ ਟਿਬਿਆਂ ਚੋਂ
ਟਿਕੀ ਸੂਰਜ ਦੀ ਅੱਜ ਇਓਂ ਉਗਦੀ ਏ
ਇਹ ਇਕ ਦਿਵਸ ਦੀ ਨਹੀਂ ਸਵੇਰ ਲੋਕੋ
ਇਹ ਸਵੇਰ ਤਾਂ ਨਵੇਂ ਯੁਗ ਦੀ ਏ
ਸਦਾ ਕੌਰ ਦੀ ਕੁੱਖ ਸੁਲੱਖਣੀ ਏ
ਜੱਸਾ ਸਿੰਘ ਦਾ ਕੋਠਾ ਏ ਭਾਗ ਭਰਿਆ।
ਅੱਜ ਦੀ ਧੁੱਪ ਏ ਕੁੜੇ ਬਸੰਤ ਰੰਗੀ

ਸੁਹਣੀ ਧਰਤ ਦਾ ਬਾਗ ਸੁਹਾਗ ਹਰਿਆ।

ਇਹ ਨੂਰੀ ਬਾਲਕ ਜਦੋਂ ਬਾਲਪਨ ਦੀਆਂ ਦਹਿਲੀਜਾਂ ਪਾਰ ਕਰ ਰਿਹਾ ਸੀ ਤਾਂ ਪਿਤਾ ਜੱਸਾ ਸਿੰਘ ਜੀ ਰਾਈਆਂ ਤੋਂ ਭੈਣੀ ਸਾਹਿਬ ਆ ਗਏ। ਉਸ ਸਮੇਂ ਇਸ ਨਵੇਂ ਪਿੰਡ ਨੂੰ ਭੈਣੀ ਭੂੰਦੜ ਆਖਿਆ ਜਾਂਦਾ ਸੀ ਜੋ ਰਾਈਆਂ ਪਿੰਡ ਦੇ ਜ਼ਿੰਮੀਦਾਰਾਂ ਹੀ ਵਸਾਇਆ ਸੀ। ਹਾਣੀਆਂ ਨਾਲ ਰਲ ਖੇਡਾਂ ਖੇਡਣੀਆਂ, ਪਸ਼ੂ ਚਾਰਨ ਗਏ ਵੱਖ ਹੋ ਕਿਸੇ ਸੰਘਣੀ ਝਿੜੀ 'ਚ ਬੈਠਣਾ ਦੂਰੋਂ ਵੇਖ ਕਿਸੇ ਜਿੰਮੀਦਾਰ ਨੇ ਸੋਚਣਾ ਕੋਈ ਪੂਰਨ ਪੁਰਖ ਹੈ। ਉਮਰ ਛੁਟੇਰੀ 'ਚ ਪਕੇਰੀ ਗੰਭੀਰਤਾ ਮੁੱਖ ਤੋਂ ਝਲਕਦੀ ਹੈ। ਬਿਲਗੇ ਦੇ ਸਾਧੂ ਕੋਲ ਅੱਖਰ ਗਿਆਨ ਪ੍ਰਾਪਤ ਕੀਤਾ। ਕੱਦ ਕਾਠੀ, ਨਰੋਆ ਸਰੀਰ ਵੇਖ ਭਣਵਈਆਂ (ਜੀਜਾ) ਕਾਬਲ ਸਿੰਘ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਵਿੱਚ ਭਰਤੀ ਕਰਵਾਉਣ ਲਈ ਨਾਲ ਲੈ ਗਿਆ। ਫ਼ੌਜ ਵਿੱਚ ਰਹਿੰਦਿਆਂ ਆਪ ਨੇ ਪੰਜਾਬ ਦੀ ਦਿਨੋਂ-ਦਿਨ ਨਿਘਰਦੀ ਸਮਾਜਿਕ ਨੈਤਿਕ ਅਤੇ ਰਾਜਨੀਤਿਕ ਵਿਵਸਥਾ ਨੂੰ ਨੇੜੇ ਤੋਂ ਦੇਖਿਆ।

ਸਿੱਖ ਰਾਜ ਦੇ ਅੰਤਲੇ ਦਿਨਾਂ ਵਿੱਚ ਸਿਖਾਂ ਅੰਦਰ ਇਖ਼ਲਾਕ ਅਤੇ ਆਪਸੀ ਭਾਈਚਾਰੇ ਦਾ ਮਿਆਰ ਦਿਨੋਂ ਦਿਨ ਢਿਗ ਰਿਹਾ ਸੀ। ਆਖਰ ਕਿਰਪਾਨਾਂ ਨੇ ਜਾਲਮ ਤਲਵਾਰਾਂ ਦਾ ਰੂਪ ਅਖਤਿਆਰ ਕਰ ਲਿਆ। ਸਤਿਗੁਰੂ ਜੀ ਇਹ ਸਭ ਵੇਖ ਆਪਣੇ ਸਾਥੀਆਂ ਨੂੰ ਸੁਚੇਤ ਕੀਤਾ ਤੇ ਆਪ ਵਾਪਸ ਪਿੰਡ ਆ ਗਏ। ਪਿੰਡ ਬੈਠ ਪੰਜਾਬ ਨੂੰ ਲੱਗੀ ਵਿਦੇਸ਼ੀ ਸਿਉਂਕ ਬਾਰੇ ਚਿੰਤਨ ਕੀਤਾ। 12 ਅਪ੍ਰੈਲ 1857 ਈ. ਨੂੰ ਇਕ ਪ੍ਰੋਗਰਾਮ ਦੇ ਕੇ ਉਹਨਾਂ ਸਾਰੇ ਮਰਜੀਵੜਿਆਂ ਨੂੰ ਇਕੱਠਾ ਕੀਤਾ ਜੋ ਗੈਰ ਦੀ ਗੁਲਾਮੀ ਦਾ ਜੂਲਾ ਮੋਢਿਉਂ ਲਾਹ ਦੇਣਾ ਚਾਹੁੰਦੇ ਸੀ। 1862 ਈ. ਤੱਕ ਇਸ ਨਵੇਂ ਅੰਦੋਲਨ ਨੇ ਇਕ ਬਹੁਪਰਤੀ ਜਥੇਬੰਦੀ ਦਾ ਰੂਪ ਲੈ ਲਿਆ। ਹੁਣ ਮੌਕਾ ਸੀ ਅੰਗਰੇਜ਼ੀ ਸਰਕਾਰ ਦੇ ਕੰਮਾਂ ਨੂੰ ਪੰਜਾਬ ਦੇ ਲੋਕਾਂ ਅੱਗੇ ਬੇਪਰਦ ਕਰਨ ਦਾ। ਇਸ ਕਾਰਜ ਲਈ ਆਪ ਨੇ ਪਿੰਡ-ਪਿੰਡ ਵਿੱਚ ਦੌਰੇ ਆਰੰਭ ਕੀਤੇ। ਪੰਜਾਬ ਦੇ ਨੌਜਵਾਨਾਂ ਨੂੰ ਗੁਰਬਾਣੀ ਸਿਖੀ ਜੀਵਨ ਜਾਚ ਵੱਲ ਮੁੜ ਆਉਣ ਲਈ ਪ੍ਰੇਰਿਤ ਕੀਤਾ।

ਅਵੇਸਲੇ ਹੋਏ ਪੰਜਾਬੀਆਂ ਨੂੰ ਦੇਸ਼ ਪ੍ਰਤੀ ਆਪਣੇ ਫ਼ਰਜ ਨਿਭਾਉਣ ਅਤੇ ਜ਼ਿੰਮੇਵਾਰ ਨਾਗਰਿਕ ਬਨਣ ਲਈ ਕਿਹਾ। ਗੁਰਬਤ ਭਰੀ ਗੁਲਾਮੀ ਕਿਵੇਂ ਮਨੁੱਖੀ ਸੰਵੇਦਨਾਵਾਂ ਦਾ ਘਾਣ ਕਰਦੀ ਹੈ ਅਤੇ ਆਜ਼ਾਦੀ ਮਨੁੱਖ ਅੰਦਰ ਕਿਵੇਂ ਕੋਮਲ ਭਾਵ ਪੈਦਾ ਕਰ ਉਸ ਨੂੰ ਦੇਵ ਪੁਰਸ਼ ਬਣਾਉਂਦੀ ਹੈ ਇਸ ਅੰਤਰ ਨੂੰ ਨੌਜਵਾਨਾਂ ਸਾਹਮਣੇ ਸਪਸ਼ਟ ਕੀਤਾ। ਗੁਲਾਮੀ ਮਨੁੱਖੀ ਇਤਿਹਾਸ ਦਾ ਸਭ ਤੋਂ ਵੱਡਾ ਕੋਹੜ ਹੈ ਇਸ ਕਰਕੇ ਬਾਬਾ ਫਰੀਦ ਜੀ ਨੇ ਕਿਹਾ ਸੀ-

ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ<br>ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ॥

ਗੁਰਬਾਣੀ ਪਠਨ-ਪਾਠਣ ਲਈ ਨਵੀਆਂ ਬੀੜਾਂ ਲਿਖਵਾਈਆਂ। ਬੂਟਾ ਸਿੰਘ ਦੇ ਛਪੇਖਾਨੇ (ਪ੍ਰੈਸ) ਲਾਹੌਰ ਤੋਂ ਬੀੜਾਂ ਨਿਤਨੇਮ ਪੋਥੀਆਂ ਅਤੇ ਸਿੱਖੀ ਲਿਟਰੇਚਰ ਦੀ ਛਪਵਾਈ ਕਰਵਾਈ। ਪ੍ਰਬੰਧ ਨੂੰ ਸਾਂਭਣ ਲਈ ਨਿਯੁਕਤ ਕੀਤੇ ਸੂਬਿਆਂ ਨੂੰ ਇਹ ਹੁਕਮ ਸੀ ਕਿ ਬੱਚੇ-ਬੱਚੀ ਨੂੰ ਹੋਸ਼ ਆਉਂਦੀ ਨਾਲ ਗੁਰਬਾਣੀ ਅੱਖਰ ਜ਼ਰੂਰ ਪੜ੍ਹਾਉਣੇ। ਆਪਣਾ ਡਾਕ ਮਹਿਕਮਾਂ, ਸਕੂਲ, ਪੰਚਾਇਤੀ ਰਾਜ ਸਿਸਟਮ ਪੰਜਾਬ ਵਿੱਚ ਲਾਗੂ ਕੀਤਾ। ਦੇਸ ਆਜ਼ਾਦੀ ਲਈ ਬਾਹਰੀ ਦੇਸ਼ਾਂ ਅਤੇ ਰਾਜਾਂ ਨਾਲ ਸੰਪਰਕ ਕਾਇਮ ਕੀਤੇ। ਵਿਦੇਸ਼ੀ ਸ਼ਹਿਜਾਦੇ ਵੀ ਸਤਿਗੁਰੂ ਜੀ ਨੂੰ ਮਿਲਣ ਪੰਜਾਬ ਦੇ ਛੋਟੇ ਜਹੇ ਪਿੰਡ ਆਉਂਦੇ ਰਹੇ। ਹੁਣ ਇਸ ਪਿੰਡ ਦੀਆਂ ਧੁੰਮਾਂ ਇੰਗਲੈਂਡ ਪਾਰਲੀਮੈਂਟ ਤੱਕ ਪਹੁੰਚ ਗਈਆਂ ਸਨ। ਸਤਿਗੁਰੂ ਜੀ ਨੇ ਇਸ ਪਿੰਡ ਦੀ ਮਿੱਟੀ ਨੂੰ ਐਸੀ ਸੁਤੰਤਰਤਾ ਦੀ ਪਾਣ ਚਾੜੀ ਜਿਸ ਵੀ ਇਥੇ ਆ ਸਿਜਦਾ ਕੀਤਾ ਉਸ ਨੂੰ ਨਾ ਤੋਪਾਂ ਰੋਕ ਸਕੀਆਂ, ਨਾ ਫਾਸੀਆਂ, ਨਾ ਕਾਲੇਪਾਣੀ। ਸਾਰੇ ਡਰ ਅੰਦਰੋਂ ਨਿਕਲ ਗਏ, ਉਹ ਨਿਰਭੈ ਹੋ ਲੰਬੇ ਪੈਂਡੇ ਤਹਿ ਕਰਕੇ ਪੰਜਾਬ ਦੀਆਂ ਹੱਦਾਂ ਤੋਂ ਬਹੁਤ ਦੂਰ ਰੂਸ ਅਤੇ ਨੇਪਾਲ ਵਰਗੇ ਮੁਲਕਾਂ ਦੀਆਂ ਸਖਤ ਘਾਟੀਆਂ ਤਹਿ ਕਰ ਗਏ। ਕਸ਼ਮੀਰ ਵਿੱਚ ਇਕ ਰੈਜੀਮੈਂਟ ਤਿਆਰ ਹੋ ਰਹੀ ਸੀ। ਕੂਕਿਆਂ ਦੇ ਇਨ੍ਹਾਂ ਕੰਮਾ ਨੂੰ ਵੇਖ ਆਮ ਲੁਕਾਈ ਅੰਦਰ ਅੰਗਰੇਜ਼ੀ ਰਾਜ ਖਿਲਾਫ਼ ਬਗਾਵਤੀ ਬੀਜ ਪੁੰਗਰਨ ਲੱਗਾ ਲੋਕ ਕਹਿੰਦੇ-

ਹੁਣ ਰਾਜ ਸਿੰਘਾ ਨੇ ਕਰਨਾ ਗੋਰਿਆ ਨੇ ਹਿੰਦ ਛੱਡਣੀ।

..................................................

# ਗੁਰਬਾਣੀ ਵਿਆਖਿਆ - ਚੰਡੀ ਦੀ ਵਾਰ

**ਸਦ ਰਹਮਤ ਤੁਰੇ ਨਚਾਣ ਕਉ॥50॥**

ਤੇਰੇ ਘੋੜੇ ਨਚਾਉਣ ਤੋਂ ਵੀ ਸਦਕੇ!

The way you pranced on your horse is also praiseworthy.

**ਪਉੜੀ॥**

**ਦੁਰਗਾ ਅਤੈ ਦਾਨਵੀ ਗਹ ਸੰਘਰਿ ਕੱਥੇ॥**

ਦੇਵੀ ਅਤੇ ਰਾਖਸ਼ ਰਣਭੂਮੀ ਵਿੱਚ ਇੱਕ ਦੂਜੇ ਨੂੰ ਲਲਕਾਰਨ ਲੱਗੇ।

Both demon and Devi, provoked each other.

**ਓਰੜ ਉੱਠੇ ਸੂਰਮੇ ਆ ਡਾਹੇ ਮੱਥੇ॥**

ਰਾਜੇ ਸੁੰਭ ਸਮੇਤ ਜੋਸ਼ ਵਿੱਚ ਭਰੇ ਯੋਧੇ ਮੈਦਾਨ ਵਿੱਚ ਨਿੱਤਰੇ।

King Sumbh and his army roared into the war arena.

**ਕੱਟ ਤੁਫੰਗੀਂ ਕੈਬਰੀਂ ਦਲੁ ਗਾਹਿ ਨਿਕੱਥੇ॥**

ਬੰਦੂਕਾਂ ਅਤੇ ਤੀਰਾਂ ਨਾਲ ਫੱਟੜ ਸੂਰਮਿਆਂ ਨੂੰ ਫੌਜਾਂ ਲਤਾੜ ਕੇ ਲੰਘ ਰਹੀਆਂ ਸਨ।

The army ran past the wounded soldiers with guns and arrows.

**ਦੇਖਨ ਜੰਗ ਫਰੇਸਤੇ ਅਸਮਾਨੋ ਲੱਥੇ॥51॥**

ਇਸ ਜੰਗ ਨੂੰ ਵੇਖਣ ਲਈ ਆਸਮਾਨ ਤੋਂ ਫਰਿਸ਼ਤੇ ਹੇਠਾਂ ਉੱਤਰ ਆਏ।

Angles decended to watch this fight.

**ਪਉੜੀ॥**

**ਦੁਹਾਂ ਕੰਧਾਰਾਂ ਮੁਹ ਜੁੜੇ ਦਲ ਘੁਰੇ ਨਗਾਰੇ॥**

ਨਗਾਰਿਆਂ ਦੀ ਚੋਟ ਵੱਜਣ ਕਰਕੇ ਦੋਵੇਂ ਫੌਜਾਂ ਆਹਮੋ-ਸਾਹਮਣੇ ਹੋਈਆਂ।

The war drum was beaten and both armies faced each other.

**ਓਰੜਿ ਆਏ ਸੂਰਮੇ ਸਰਦਾਰ ਰਣਿਆਰੇ॥**

ਜੋਸ਼ ਦੇ ਭਰੇ ਹੋਏ ਵੱਡੇ ਲੜਾਕੇ ਸੂਰਮੇ ਮੈਦਾਨ ਵਿੱਚ ਆ ਗਏ।

Full of spirit, these warriors entered the war arena.

**ਲੈ ਕੇ ਤੇਗਾਂ ਬਰਛੀਆਂ ਹਥਿਆਰ ਉਭਾਰੇ॥**

ਉਹਨਾਂ ਤਲਵਾਰਾਂ, ਬਰਛੀਆਂ ਅਤੇ ਹੋਰ ਹਥਿਆਰ ਚੁੱਕ ਲਏ।

Amongst other weapons, they also picked up swords and daggers.

**ਟੋਪ ਪਟੇਲਾ ਪਾਖਰਾਂ ਗਲਿ ਸੰਜ ਸਵਾਰੇ॥**
ਸੂਰਮਿਆਂ ਨੇ ਆਪਣੇ ਸਿਰ, ਮੂੰਹ, ਸਰੀਰ ਅਤੇ ਘੋੜਿਆਂ ਨੂੰ ਵੀ ਲੋਹੇ ਦੇ ਕਵਚ ਨਾਲ ਕੱਜ ਕੇ ਤਿਆਰੀ ਕਰ ਲਈ।
They protected their head, face, body and horses with armour.

**ਲੈ ਕੇ ਬਰਛੀ ਦੁਰਗਸ਼ਾਹ ਬਹੁ ਦਾਨਵ ਮਾਰੇ॥**
ਦੁਰਗਾ ਨੇ ਬਰਛੀ ਫੜ੍ਹ ਕੇ ਬਹੁਤ ਸਾਰੇ ਦੈਂਤਾਂ ਨੂੰ ਮਾਰਿਆ।
Using her dagger, Durga killed many demons.

**ਚੜੇ ਰਥੀਂ ਗਜ ਘੋੜਿਈਂ ਮਾਰ ਭੁਇਂ ਤੇ ਡਾਰੇ॥**
ਜੋ ਰਥਾਂ, ਹਾਥੀਆਂ ਅਤੇ ਘੋੜਿਆਂ 'ਤੇ ਚੜ੍ਹੇ ਹੋਏ ਸਨ, ਮਾਰ ਕੇ ਜ਼ਮੀਨ 'ਤੇ ਸੁੱਟ ਦਿੱਤੇ।
Those who were sat on chariots, elephants and horses were flung onto the ground.

**ਜਾਣੁ ਹਲਵਾਈ ਸੀਖ ਨਾਲ ਵਿੰਨ੍ਹਿ ਵੜੇ ਉਤਾਰੇ॥52॥**
ਦੁਰਗਾ ਬਰਛੀ ਨਾਲ ਰਾਖਸ਼ਾਂ ਨੂੰ ਇੰਜ ਸੁੱਟ ਰਹੀ ਸੀ, ਜਿਵੇਂ ਹਲਵਾਈ ਸੀਖ ਨਾਲ ਵੜੇ ਬਾਹਰ ਕੱਢ ਰਿਹਾ ਹੋਵੇ।
The way in which Durga flung them around made her look like a confectioner tossing around vadas (savoury fried snacks)

**ਪਉੜੀ॥**
**ਦੁਹਾਂ ਕੰਧਾਰਾ ਮੁਹਿ ਜੁੜੇ ਨਾਲਿ ਧਉਸਾਂ ਭਾਰੀ॥**
ਵੱਡੇ ਨਗਾਰਿਆਂ ਵਾਲੀਆਂ ਦੋਹਾਂ ਫੌਜਾਂ ਦਾ ਮੁਕਾਬਲਾ ਸ਼ੁਰੂ ਹੋ ਗਿਆ।
The large war drum was beaten, signalling the armies to face each other again.

**ਲਈ ਭਗਉਤੀ ਦੁਰਗਸ਼ਾਹ ਵਰਜਾਗਨ ਭਾਰੀ॥**
ਚੰਡਿਕਾ ਨੇ ਅੱਗ ਵਾਂਗੂੰ ਚਮਕਦੀ ਤਲਵਾਰ ਹੱਥ ਵਿੱਚ ਫੜੀ।
Chandika grabbed her scorching bright sword.

**ਲਾਈ ਰਾਜੇ ਸੁੰਭ ਨੋ ਰਤੁ ਪੀਐ ਪਿਆਰੀ॥**
ਰੱਤ ਪੀਣੀ ਤਲਵਾਰ ਨਾਲ ਰਾਜੇ ਸੁੰਭ 'ਤੇ ਵਾਰ ਕੀਤਾ।
She attacked King Sumbh with this bloodthirsty sword.

**ਸੁੰਭ ਪਲਾਣੋ ਡਿਗਿਆ ਉਪਮਾ ਬੀਚਾਰੀ॥**
ਸੁੰਭ ਘੋੜੇ ਦੀ ਕਾਠੀ ਤੋਂ ਇਉਂ ਡਿੱਗਾ ਕਿ ਉਸਦੀ ਉਪਮਾ ਵਿਚਾਰਨ ਯੋਗ ਹੈ।
The way in which he fell from his saddle was spectacular, this fall is almost praiseworthy too.

**ਡੁੱਬ ਰੱਤੂ ਨਾਲਹੁ ਨਿੱਕਲੀ ਬਰਛੀ ਦੋ ਧਾਰੀ॥**
ਦੋਧਾਰੀ ਬਰਛੀ ਖ਼ੂਨ ਵਿੱਚ ਡੁੱਬ ਕੇ ਇਸ ਤਰ੍ਹਾਂ ਨਿਕਲੀ।
The blood drenched, double edged dagger emerged like...

**ਨਾਮਧਾਰੀ ਨਿਤਨੇਮ ਸਟੀਕ 'ਚੋਂ**

# ਨਾਮਧਾਰੀ ਸਿੱਖ-ਸਦਾਚਾਰ

**ਪ੍ਰੋ. ਜਸਵੰਤ ਸਿੰਘ ਜੱਸ**

ਬਾਬਾ ਰਾਮ ਸਿੰਘ ਜੀ ਆਪ ਨਾਮ ਆਭਿਆਸੀ ਸਨ ਅਤੇ ਆਪਣੇ ਸੇਵਕਾਂ ਨੂੰ ਭੀ ਇਸੇ ਪਾਸੇ ਲਾਉਂਦੇ ਰਹਿੰਦੇ ਸਨ। ਨਾਮ ਸਿਮਰਨ ਰਾਹੀਂ ਆਤਮਕ ਉੱਚਤਾ ਪ੍ਰਾਪਤ ਕਰਨ ਦੀ ਸਿਖਿਆ ਦਿੰਦੇ ਸਨ। ਉਨ੍ਹਾਂ ਦਾ ਆਪਣਾ ਜੀਵਨ ਗੁਰਮਤ ਗੁੱਧਾ ਸੀ ਤੇ ਆਪ ਨੇ ਇਕ ਆਦਰਸ਼ਕ ਗੁਰਸਿੱਖ ਦਾ ਜੀਵਨ ਜੀਅ ਕੇ ਆਪਣੇ ਸੇਵਕਾਂ ਲਈ ਸੋਹਣੇ ਪੂਰਨੇ ਪਾਏ ਹਨ। ਆਪ ਜੀ ਦਾ ਅਕਾਲ ਪੁਰਖ ਉਤੇ ਅਟੱਲ ਵਿਸ਼ਵਾਸ਼ ਸੀ ਅਤੇ ਉਸੇ ਦੇ ਸਿਮਰਨ ਵਿਚ ਜੁੱਟੇ ਰਹਿੰਦੇ ਸਨ। ਆਪ ਜੀ ਪਹਿਲਾਂ ਵੀ ਅਤੇ ਦੇਸ਼ ਨਿਕਾਲੇ ਸਮੇਂ ਵੀ ਆਪਣੀਆਂ ਅਰਦਾਸਾਂ ਰਾਹੀਂ ਆਪਣੇ ਸੇਵਕਾਂ ਨੂੰ ਨਾਮ, ਬਾਣੀ ਪੜ੍ਹਣ ਦੀ ਪਰੇਰਨਾ ਕਰਦੇ ਰਹਿੰਦੇ ਸਨ। ਆਪ ਸਮਝਦੇ ਸਨ ਕਿ ਨਾਮ ਹੀ ਸਾਰੇ ਸੁਖਾਂ ਦਾ ਭੰਡਾਰ ਹੈ ਤੇ ਇਸ ਨਾਲ ਮਨੁੱਖ ਮਾਤਰ ਦੇ ਸਾਰੇ ਐਬ ਢੱਕੇ ਜਾਂਦੇ ਹਨ। ਆਪਣੇ ਆਪ ਵਿਚੋਂ ਹਉਮੈ ਦੂਰ ਕਰਨੀ, ਨਾਮ ਰਸੀਏ ਲਈ ਬੜੀ ਜ਼ਰੂਰੀ ਹੈ। ਨਿਮਰਤਾ ਆਪ ਜੀ ਵਿਚ ਪੁੱਜ ਕੇ ਸੀ। ਐਨੀ ਮਾਨਤਾ ਹੁੰਦਿਆਂ ਹੋਇਆਂ ਭੀ ਆਪ ਆਪਣੇ ਆਪ ਨੂੰ ਗੁਰੂ ਘਰ ਦਾ ਕੂਕਰ ਤੇ ਰਪਟੀਆ ਹੀ ਕਹਿਆ ਕਰਦੇ ਸਨ। ਆਪਣੇ ਸੇਵਕਾਂ ਵਿਚ ਨਿਮਰਤਾ ਲਿਆਉਣ ਲਈ ਆਪ ਨੇ ਹੁਕਮ ਦਿਤਾ ਕਿ ਜਦ ਇਕ ਸਿੱਖ ਦੂਸਰੇ ਨੂੰ ਮਿਲੇ ਤਾਂ ਝੁੱਕ ਕੇ ਗੁਰਸਿੱਖ ਦੇ ਚਰਨਾਂ ਨੂੰ ਹੱਥ ਲਾਵੇ।

ਗੁਰਮਤ ਵਿਚ ਹੱਥੀਂ ਕਿਰਤ ਕਰਨ ਅਤੇ ਸੇਵਾ ਭਾਵ ਨੂੰ ਬਹੁਤ ਉੱਚਾ ਸਥਾਨ ਪਰਾਪਤ ਹੈ। ਆਪ ਜੀ ਨੇ ਆਪਣੇ ਸਵਕਾਂ ਰਾਹੀਂ ਅਮਲੀ ਰੂਪ ਵਿਚ "ਹੱਥ ਕਾਰ ਵੱਲ ਤੇ ਦਿਲ ਯਾਰ ਵੱਲ' ਵਾਲਾ ਸਿਧਾਂਤ ਦ੍ਰਿੜ ਕਰਵਾਇਆ। ਉਹ ਨਹੀਂ ਸਨ ਚਾਹੁੰਦੇ ਕਿ ਉਨ੍ਹਾਂ ਦੇ ਸੇਵਕ ਆਮ ਵਿਹਲੜ ਸਾਧੂਆਂ ਵਾਂਗ ਹਰਲ ਹਰਲ ਕਰਦੇ ਫਿਰਨ ਤੇ ਸਮਾਜ ਉੱਤੇ ਇਕ ਵਾਧੂ ਭਾਰ ਬਣੇ ਰਹਿਣ। ਜੋ ਸਿਖ ਆਪਣੇ ਘਰੋਗੀ ਕੰਮਾਂ ਕਾਰਾਂ ਵਲੋਂ ਨਿਰਾਸ ਹੋ ਕੇ ਪੱਕੇ ਤੌਰ ਤੇ ਭੈਣੀ ਸਾਹਿਬ ਟਿਕਾਣਾ ਲੋੜਦਾ ਸੀ, ਉਸ ਨੂੰ ਵੀ ਆਪ ਕਿਸੇ ਨਾ ਕਿਸੇ ਆਹਰ ਤੇ ਲਾ ਛਡਦੇ। ਇਥੇ ਆਪ ਦਾ ਇਕ ਸੇਵਕ ਸਰਦਾਰ ਮਲੂਕ ਸਿੰਘ ਸੀ ਜੋ ਨਹਿਰਾਂ ਦੇ ਠੇਕੇ ਲਇਆ ਕਰਦਾ ਸੀ। ਬਹੁਤ ਸਾਰੇ ਬੰਦਿਆਂ ਨੂੰ ਉਸ ਦੇ ਅਧੀਨ ਕੰਮ ਮਿਲ ਜਾਂਦਾ ਸੀ। ਕੁਝ ਬੰਦਿਆਂ ਨੂੰ ਗਊਆਂ, ਮੱਝਾਂ, ਬਲਦ, ਘੋੜੇ ਆਦਿ ਪਾਲਣ ਦਾ ਕੰਮ ਸੌਂਪਿਆ ਹੋਇਆ ਸੀ। ਡੇਰੇ ਵਲੋਂ ਬਹੁਤ ਸਾਰੇ ਪਸ਼ੂ ਡੰਗਰ ਰਖੇ ਜਾਂਦੇ ਸਨ ਤੇ ਉਹਨਾਂ ਦੀ ਚੰਗੀ ਪਾਲਣਾ ਪੋਸਣਾ ਕਰ ਕੇ ਵਪਾਰ ਕੀਤਾ ਜਾਂਦਾ ਸੀ। ਇਸ ਰਵਾਇਤ ਨੂੰ ਅੱਜ ਤੱਕ ਭੀ ਨਾਮਧਾਰੀ ਡੇਰੇ ਵਿਚ ਨਿਬਾਹਿਆ ਜਾਂਦਾ ਹੈ। ਸ੍ਰੀ ਭੈਣੀ ਸਾਹਿਬ ਅਤੇ ਜੀਵਨ ਨਗਰ (ਜ਼ਿਲ੍ਹਾ ਹਿਸਾਰ) ਵਿਖੇ ਚੰਗੀ ਨਸਲ ਦੀਆਂ ਗਊਆਂ, ਮੱਝਾਂ, ਘੋੜੇ ਆਦਿ ਪਸ਼ੂ ਰਖੇ ਜਾਂਦੇ ਹਨ ਤੇ ਉਨ੍ਹਾਂ ਦੀ ਪਾਲਣਾ ਪੋਸ਼ਣਾ ਨਵੀਨ ਵਿਗਿਆਨਕ ਢੰਗਾਂ ਨਾਲ ਕਰ ਕੇ ਨਸਲ ਦੀ ਉੱਨਤੀ ਲਈ ਜਤਨ ਕੀਤੇ ਜਾਂਦੇ ਹਨ।

ਹੋਰ ਗੁਰਮਤ ਉਪਦੇਸ਼ਾਂ ਦੇ ਨਾਲ ਨਾਲ ਬਾਬਾ ਜੀ ਆਪਣੇ ਸੇਵਕਾਂ ਵਿਚ ਹੱਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ' ਦੇ ਸਿਧਾਂਤ ਨੂੰ ਵੀ ਦ੍ਰਿੜ ਕਰਵਾਉਂਦੇ ਸਨ। ਚੋਰੀ ਦੀ ਚੀਜ਼ ਅਤੇ ਚੋਰੀ ਕਰਨ ਵਾਲਾ ਆਪ ਨੂੰ ਜ਼ਰਾ ਨਹੀਂ ਸੀ ਭਾਉਂਦਾ। ਫੌਜੀ ਨੌਕਰੀ ਤੋਂ ਬਾਅਦ ਜਦ ਆਪ ਪਿੰਡ ਵਾਹੀ ਕਰਦੇ ਸਨ ਤਾਂ ਇਕ ਦਿਨ ਭੁੱਲ ਭੁਲੇਖੇ ਆਪ ਜੀ ਦੀ ਪੁਤਰੀ ਕਿਸੇ ਹੋਰਸ ਦੀ ਪੈਲੀ ਵਿਚੋਂ ਸਾਗ ਤੋੜ ਲਿਆਈ ਅਤੇ ਜਦ ਆਪ ਜੀ ਨੂੰ ਪਤਾ ਲੱਗਾ ਤਾਂ ਆਪ ਨੇ ਉਸੇ ਵੇਲੇ ਮੁੜਵਾ ਦਿੱਤਾ।

ਇਕ ਵੇਰ ਆਪ ਸ੍ਰੀ ਅਨੰਦਪੁਰ ਜਾਂਦੇ ਹੋਏ ਕੀਰਤਪੁਰ ਠਹਿਰੇ ਹੋਏ ਸਨ। ਦੀਵਾਨ ਸਜਿਆ ਹੋਇਆ ਸੀ। ਦੂਰ ਨੇੜੇ ਤੋਂ ਸੰਗਤਾਂ ਹੁੰਮ ਹੁੰਮਾ ਕੇ ਜੁੜੀਆਂ ਹੋਈਆਂ ਸਨ ਕੁਝ ਸਿੰਘ ਮਾਝੇ ਤੋਂ ਭੀ ਭਜਨ ਲੈਣ ਲਈ ਆਏ ਹੋਏ ਸਨ। ਉਨ੍ਹਾਂ ਵਿਚੋਂ ਇਕ ਸਿਖ ਅਜਿਹਾ ਸੀ ਜੋ ਥੋੜ੍ਹੇ ਦਿਨ ਪਹਿਲਾਂ ਹੀ ਛੇ ਸੌ ਰੁਪਏ ਦੀ ਇਕ ਘੋੜੀ ਚੋਰੀ ਕਰ ਕੇ ਲਿਆਇਆ ਸੀ। ਜਦ ਆਪ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਕਹਿਣ ਲੱਗੇ, "ਭਲਿਆ ਲੋਕਾ! ਪਹਿਲਾਂ ਚੋਰੀ ਦੀ ਘੋੜੀ ਮੋੜ ਕੇ ਆ, ਫੇਰ ਤੈਨੂੰ ਭਜਨ ਦੇਵਾਂਗੇ।"

ਆਪ ਪਰਦੇਸ ਬੈਠੇ ਵੀ ਆਪਣੀਆਂ ਅਰਦਾਸਾਂ ਰਾਹੀਂ ਸਿੱਖਾਂ ਨੂੰ ਇਹੋ ਉਪਦੇਸ਼ ਦਿੰਦੇ ਰਹਿੰਦੇ ਸਨ। ਇਕ ਥਾਂ ਆਪ ਲਿਖਦੇ ਹਨ :-

"ਹੋਰ ਬਗਾਨੀ ਅੰਸ਼ ਕਿਸੇ ਨਹੀਂ ਖਾਣੀ, ਨਾ ਲੈਣੀ, ਨਾ ਚੁਰਾ ਕੇ ਨਾ ਠੱਗੀ ਕਰ ਕੇ, ਜੇ ਡਿੱਗੀ ਪਈ ਭੀ ਲੱਭੇ ਤਾਂ ਜਿਸ ਦੀ ਹੋਵੇ ਉਸ ਨੂੰ ਹੋਕਾ ਦੇ ਕੇ ਦੇ ਦੇਵੇ, ਕਰਜ਼ਾ ਲੈਣਾ, ਲੈ

ਕੇ ਨਾ ਦੇਣਾ, ਚੋਰੀ ਧਾੜੇ ਤੇ ਭੀ ਵੱਡਾ ਪਾਪ ਹੈ। ਸੋ ਖਾਲਸਾ ਜੀ, ਬਗਾਨੀ ਅੰਸ ਦਾ ਤਿਆਗ ਕਰਨਾ ਬੱਡਾ ਧਰਮ ਹੈ। ਹਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ॥੪੭॥"

ਝੂਠ ਬੋਲਣ ਨੂੰ ਭੀ ਬੱਜਰ ਪਾਪ ਸਮਝਿਆ ਜਾਂਦਾ ਸੀ। ਅਜਿਹਾ ਕਰਨ ਵਾਲੇ ਨੂੰ ਸੰਗਤ 'ਚੋਂ ਕੱਢ ਦਿੱਤਾ ਜਾਂਦਾ ਸੀ। ਇਕ ਵੇਰੀ ਦੀ ਗੱਲ ਹੈ ਕਿ ਪਿੰਡ ਚੁਗਾਵਾਂ (ਜ਼ਿਲ੍ਹਾ ਅੰਮ੍ਰਿਤਸਰ) ਦੇ ਨਿਹਾਲ ਸਿੰਘ ਨਾਮਧਾਰੀਏ ਨੇ ਕਿਸੇ ਦੇ ਪੈਸੇ ਦੇਣੇ ਸਨ ਤੇ ਇਸ ਸਿਲਸਿਲੇ ਵਿਚ ਮੁਕੱਦਮੇ ਦੀ ਪੈਰਵੀ ਲਈ ਉਹ ਅੰਮ੍ਰਿਤਸਰ ਕਚਹਿਰੀ ਪੁੱਜਾ ਹੋਇਆ ਸੀ। ਕਚਹਿਰੀ ਵਿਚ ਮੈਜਿਸਟਰੇਟ ਦੇ ਸਾਹਮਣੇ ਉਸ ਨੇ ਝੂਠੀ ਸਹੁੰ ਖਾ ਲਈ ਤੇ ਪੈਸੇ ਦੇਣ ਤੋਂ ਬਚ ਗਇਆ। ਕੁਦਰਤ ਵਲੋਂ ਹੀ ਉਸ ਦਿਨ ਬਾਬਾ ਹਰੀ ਸਿੰਘ ਜੀ ਦੌਰਾ ਕਰਦੇ ਕਰਦੇ ਸ੍ਰੀ ਅੰਮ੍ਰਿਤਸਰ ਪੁੱਜੇ ਹੋਏ ਸਨ ਤੇ ਸ਼ਾਮ ਨੂੰ ਦੀਵਾਨ ਸਜਿਆ ਹੋਇਆ ਸੀ। ਨਿਹਾਲ ਸਿੰਘ ਭੀ ਕਚਹਿਰੀ ਵਲੋਂ ਵਿਹਲਾ ਹੋ ਕੇ ਦੀਵਾਨ ਵਿਚ ਪੁੱਜ ਗਇਆ। ਜਦੋਂ ਬਾਬਾ ਜੀ ਨੂੰ ਉਸ ਦੀ ਕਰਤੂਤ ਦਾ ਪਤਾ ਲੱਗਾ ਤਾਂ ਉਸ ਨੂੰ ਸੰਗਤ ਚੋਂ ਬਾਹਰ ਕੱਢ ਦਿਤਾ ਅਤੇ ਕਹਿਆ ਕਿ ਜਦ ਤਕ ਆਪਣਾ ਮੂੰਹ ਕਾਲਾ ਕਰ ਕੇ ਉਸੇ ਕਚਹਿਰੀ ਵਿਚ ਜਾ ਕੇ ਮਾਫੀ ਮੰਗ ਕੇ ਪੈਸੇ ਵਾਪਸ ਨਾ ਕਰੇਂਗਾ ਤਦ ਤਕ ਸੰਗਤ ਤੈਨੂੰ ਮੂੰਹ ਨਹੀਂ ਲਾਵੇਗੀ। ਅਗਲੇ ਦਿਨ ਨਿਹਾਲ ਸਿੰਘ ਨੇ ਉਸੇ ਤਰ੍ਹਾਂ ਕੀਤਾ ਤੇ ਆਪਣੀ ਭੁੱਲ ਬਖਸ਼ਾਈ।

ਨਾਮਧਾਰੀਆਂ ਦੇ ਆਚਰਨ ਵਿਚ ਵੇਖੀ ਗਈ ਅਜਿਹੀ ਉੱਚਤਾ ਨੇ ਵੈਰੀ ਹਿਰਦਿਆਂ ਵਿਚ ਵੀ ਉਨ੍ਹਾਂ ਲਈ ਸਤਿਕਾਰ ਤੇ ਆਦਰ ਭਰ ਦਿਤਾ ਹੋਇਆ ਸੀ। ਭਾਵੇਂ ਕੂਕ ਅਤੇ ਅੰਗਰੇਜ਼ਾਂ ਵਿਚ ਕਿੰਨੇ ਭੀ ਵਖੇਵਾਂ ਕਿਉਂ ਨਾ ਹੋਣ, ਇਕ ਕੂਕੇ ਦੀ ਗਵਾਹੀ ਝੂਠ ਸੱਚ ਦਾ ਨਿਤਾਰਾ ਕਰਨ ਵਾਲੀ ਸਮਝੀ ਜਾਂਦੀ ਸੀ। ਕੋਈ ਭੁੱਲ ਹੋ ਜਾਣ ਤੇ ਮਾਫੀ ਮੰਗ ਲੈਣੀ, ਕੋਈ ਗੁਨਾਹ ਕਰ ਕੇ ਇਕਬਾਲ ਕਰ ਲੈਣਾ ਤੇ ਕਰੜੇ ਤੋਂ ਕਰੜਾ ਦੰਡ ਖਿੜੇ ਮੱਥੇ ਝੱਲਣ ਲਈ ਤਿਆਰ ਹੋ ਜਾਣਾ ਆਦਿ ਸ਼ੁਭ ਗੁਣਾਂ ਨੇ ਕੂਕਿਆਂ ਦੇ ਆਦਰ ਮਾਣ ਵਿਚ ਬਹੁਤ ਵਾਧਾ ਕੀਤਾ। ਬਾਬਾ ਰਾਮ ਸਿੰਘ ਜੀ ਆਪਣੇ ਸੇਵਕਾਂ ਨੂੰ ਹਮੇਸ਼ਾ ਮਿੱਠਾ ਬੋਲਣ ਦਾ ਉਪਦੇਸ਼ ਦਿਆ ਕਰਦੇ ਸਨ। ਇਕ ਅਰਦਾਸ ਵਿਚ ਆਪ ਲਿਖਦੇ ਹਨ :-

"ਹੋਰ ਕਿਸੇ ਨੇ ਮੰਦਾ ਫਿਕਾ ਨਹੀਂ ਬੋਲਣਾ। ਖਿਮਾਂ ਕਰਨੀ ਬੋਲ ਕਬੋਲ ਸਹਿ ਜਾਣਾ, ਸਭ ਦਾ। ਜੇ ਕੋਈ ਮਾਰੇ ਕੁਛੂ ਤਾਂ ਭੀ ਖਿਮਾਂ ਕਰਨੀ। ਤੁਸਾਂ ਦਾ ਰਛਕ ਗੁਰੂ ਹੈ।"

ਬਾਬਾ ਜੀ ਆਪਣੇ ਸੇਵਕਾਂ ਨੂੰ ਇਖਲਾਕੀ ਤੌਰ ਤੇ ਬਹੁਤ ਉੱਚਾ ਚੁੱਕਣਾ ਚਾਹੁੰਦੇ ਸਨ। ਪਰਦੇਸ਼ ਵਿਚ ਬੈਠੇ ਹੋਏ ਵੀ ਆਪਣੇ ਸੇਵਕਾਂ ਦੇ ਨਿੱਜੀ ਆਚਰਨ ਨੂੰ ਕਿੰਨਾ ਉੱਚਾ ਸੁੱਚਾ ਵੇਖਣ ਦੇ ਚਾਹਵਾਨ ਹਨ ਤੇ ਵਿਭਚਾਰੀਆਂ ਨੂੰ ਸਖਤ ਤਾੜਨਾ ਕਰਦੇ ਹਨ। ਭਾਈ ਮੀਹਾਂ ਸਿੰਘਾਂ ਨੂੰ ਤਾੜਨਾ ਭਰੀ ਚਿੱਠੀ ਲਿਖਦੇ ਹਨ ਤੇ ਨਫਾ ਨੁਕਸਾਨ ਦਸਦੇ ਹੋਏ ਸਮਝਾਉਂਦੇ ਹਨ:

...ਹੋਰ ਭਾਈ ਮੀਹਾਂ ਸਿੰਘ, ਤੈਂ ਇਹ ਬਾਤ ਅੱਛੀ ਨਹੀਂ ਕੀਤੀ ਜੋ ਰੰਡੀ ਦਾ ਸੰਗ ਕੀਤਾ......ਰੰਡੀ ਦੇ ਸੰਗ ਤੋਂ ਇਕ ਤਾਂ ਸਰੀਰ ਨੂੰ ਦੁੱਖ ਲਗ ਜਾਂਦਾ ਹੈ, ਇਕ ਪੈਸਾ ਬਰਬਾਦ ਹੋਇ ਜਾਂਦਾ ਹੈ, ਇਕ ਧਰਮ ਜਾਂਦਾ ਹੈ, ਇਕ ਲੋਕਾਂ ਮੈਂ ਬਹੁਤ ਭੰਡੀ ਹੁੰਦੀ ਹੈ......ਅਰ ਜੇ ਤੂੰ ਘਰ ਗਇਆ.....ਤਾਂ ਉਸ (ਘਰ ਦੀ ਸਿਖਣੀ) ਨੂੰ ਬਿਮਾਰੀ ਹੋਇ ਗਈ ਤਾਂ ਭੀ ਬੜਾ ਗਜ਼ਬ ਹੈ। ਤੈਂ ਬੱਡੀ ਗਾਫਲੀ ਕੀਤੀ ਏਸ ਬਾਤਿ ਦੀ॥੩੪॥

ਫਿਰ ਉਸੇ ਅਰਦਾਸ ਵਿਚ ਅੱਗੇ ਜਾ ਕੇ ਲਿਖਦੇ ਹਨ:-

"ਭਾਈ ਮੀਹਾਂ ਸਿੰਘ ਹੁਣ ਬਾਣੀ ਕੰਠ ਕਰਨੀ ਅਰ ਭਜਨ ਕਰਨਾ। ਰੰਡੀ ਮੁੰਡੀ ਤੇ ਬਹੁਤ ਕਰ ਕੇ ਬਚਨਾ। ਇਹ ਤਾਂ ਨਿਰਾ ਘਾਟੇ ਦਾ ਹੀ ਥਾਂਉ ਹੈ, ਨਫਾ ਕੋਈ ਭੀ ਨਹੀਂ। ਭਲਾ, ਭੁਲਾ ਸੋ ਭੁਲਾ, ਅਗੇ ਤਗੜਾ ਰਹਿਣਾ ਅਰ ਗੁਰੂ ਜੀ ਅੱਗੇ ਬੇਨਤੀ ਕਰ ਕੇ ਬਖਸ਼ਾਉਣਾ ਗੁਰੂ ਜੀ ਪਾਸੇ ਤੇ"॥੩੪॥

ਬਾਬਾ ਰਾਮ ਸਿੰਘ ਜੀ ਹਰ ਪਰਕਾਰ ਦੇ ਪਖੰਡ ਦੇ ਸਖਤ ਵਿਰੋਧੀ ਸਨ। ਕਈ ਨਾਮਧਾਰੀਏ ਸ਼ਬਦ ਕੀਰਤਨ ਕਰਦੇ ਹੋਏ, ਨਾਮ ਰਸ ਨੂੰ ਮਾਣਦੇ ਹੋਏ ਮਸਤਾਨੇ ਹੋ ਜਾਂਦੇ ਹਨ। ਉਨ੍ਹਾਂ ਨੂੰ ਆਪਣੇ ਸਰੀਰ ਦੀ ਕੋਈ ਸੁੱਧ ਬੁੱਧ ਨਹੀਂ ਰਹਿੰਦੀ ਤੇ ਉੱਚੀ ਉੱਚੀ ਕਿਲਕਾਂ ਤੇ ਕੂਕਾਂ ਮਾਰਨ ਲੱਗ ਪੈਂਦੇ ਹਨ। ਇਸ ਅਵਸਥਾ ਨੂੰ 'ਸੂਤਰ ਪੈਣਾ' ਕਹਿਆ ਜਾਂਦਾ ਹੈ। ਕਈ ਸਜਣ ਕੇਵਲ ਆਪਣੀ ਨਾਮ ਲਿਵਲੀਨਤਾ ਦਾ ਪਰਭਾਵ ਪਾਉਣ ਲਈ ਹੀ ਅਜਿਹਾ ਸਾਂਗ ਰਚ ਲੈਂਦੇ ਹਨ, ਉਂਜ ਅਸਲੀਅਤ ਜ਼ਰਾ ਵੀ ਨਹੀਂ ਹੁੰਦੀ। ਅਜਿਹੇ ਪਖੰਡ ਦੀ ਬਾਬਾ ਜੀ ਨੇ ਸਖਤ ਨਖੇਧੀ ਕੀਤੀ ਹੈ। ਇਕ ਅਰਦਾਸ ਵਿਚ ਆਪਣੇ ਸੇਵਕਾਂ ਨੂੰ ਉਪਦੇਸ਼ ਕਰਦੇ ਹੋਏ ਆਪਣੇ ਵਿਚਾਰ ਪਰਗਟ ਕਰਦੇ ਹਨ।

"ਹੋਰ ਭਾਈ ਹਰੀ ਸਿੰਘ ਜੀ, ਤੁਸੀਂ ਬੂੜੀਆਂ ਕੋ ਇਹ ਬਾਤ ਬੋਝ ਦੇਣੀ, ਭਾਈ ਜੋ ਜਾਣ ਕੇ ਭੜਥੂ ਪਾਊ, ਸੂਤ੍ਰ ਕਢੂਗਾ, ਗੁਰੂ ਸਾਹਿਬ ਕਾ ਚੋਰ ਹੋਵੇਗਾ। ਉਸ ਦਾ ਭਜਨ ਬਾਣੀ ਨਿਹਫਲ ਜਾਊਗਾ, ਪਖੰਡ ਨਹੀਂ ਕਿਸੇ ਕਰਨਾ, ਜੋ ਬੇਵਸ ਕੋ ਅਮਲ ਚੜ੍ਹ ਜਾਏ ਤੋ ਚੜ੍ਹ ਜਾਏ, ਪਖੰਡ ਨਹੀਂ ਕਿਸੇ ਕਰਨਾ, ਪਖੰਡ ਕੀਤੇ ਤੇ ਮੂੰਹ ਕਾਲਾ ਹੁੰਦਾ ਹੈ ਦੀਨ ਦੁਨੀ

ਮੈਂ॥੪੯॥

ਨਾਮਧਾਰੀ ਮਤ ਵਿਚ ਨਸ਼ੇ, ਸ਼ਰਾਬ, ਮਾਸ ਦੀ ਵਰਤੋਂ ਬੜੀ ਸਖ਼ਤੀ ਨਾਲ ਵਰਜੀ ਗਈ ਹੈ। ਕੱਟੜ ਵੈਸ਼ਨੂੰ ਤੇ ਅਹਿੰਸਾਵਾਦੀ ਹਨ। ਸ਼ਿਕਾਰ ਖੇਡਣਾ ਤੇ ਜਾਨਵਰਾਂ ਨੂੰ ਦੁਖ ਦੇਣਾ ਚੰਗਾ ਨਹੀਂ ਸਮਝਿਆ ਜਾਂਦਾ ਅਤੇ ਨਾ ਹੀ ਅਜਿਹਾ ਕਰਨ ਵਾਲੇ ਨਾਲ ਮੇਲ ਵਰਤੋਂ ਹੀ ਰਖੀ ਜਾਂਦੀ ਹੈ। ਇਕ ਵੇਰ ਦੀ ਗੱਲ ਹੈ ਕਿ ਬਾਬਾ ਰਾਮ ਸਿੰਘ ਜੀ ਸਿਆਲਕੋਟ ਦੇ ਦੌਰੇ ਤੋਂ ਵਾਪਸ ਆਉਂਦੇ ਹੋਏ ਕੱਕੜਾਂ ਦਾ ਪੱਤਣ ਲੰਘ ਕੇ ਅੰਮ੍ਰਿਤਸਰ ਵੱਲ ਆ ਰਹੇ ਸਨ। ਰਾਹ ਵਿਚ ਸੰਧਾਂਵਾਲੀਆ ਸਰਦਾਰ ਬਖ਼ਸੀਸ਼ ਸਿੰਘ ਸ਼ਿਕਾਰ ਖੇਡਦਾ ਹੋਇਆ ਮਿਲ ਗਇਆ। ਸੰਧਾਂਵਾਲੀਏ ਸਰਦਾਰ ਨੇ ਬਾਬਾ ਜੀ ਦੀ ਘੋੜੀ ਦੀ ਲਗਾਮ ਫੜ ਲਈ ਅਤੇ ਬੇਨਤੀ ਕੀਤੀ ਕਿ ਅੱਜ ਦੀ ਰਾਤ ਸਾਡੇ ਪਿੰਡ ਪੜਾਅ ਕੀਤਾ ਜਾਵੇ ਤੇ ਲੰਗਰ ਕੀਤਾ ਜਾਵੇ। ਬਾਬਾ ਜੀ ਨੇ ਸਪਸ਼ਟ ਸ਼ਬਦਾਂ ਵਿਚ ਨਾਂਹ ਕਰਦਿਆਂ ਹੋਇਆਂ ਕਹਿਆ ਕਿ ਪਹਿਲਾਂ ਸ਼ਿਕਾਰ ਖੇਡਣਾ ਬੰਦ ਕਰ, ਫਿਰ ਤੇਰੇ ਪਿੰਡ ਚੱਲ ਕੇ ਲੰਗਰ ਕਰਾਂਗੇ।

ਬਾਬਾ ਰਾਮ ਸਿੰਘ ਜੀ 'A sound mind in a sound body' ਅਰਥਾਤ ਨਰੋਏ ਸਰੀਰ ਵਾਲੇ ਦਾ ਹੀ ਨਰੋਆ ਮਨ ਹੋ ਸਕਦਾ ਹੈ, ਦੇ ਪੱਕੇ ਧਾਰਨੀ ਸਨ ਅਤੇ ਆਪਣੇ ਸੇਵਕਾਂ ਨੂੰ ਸਰੀਰ ਅਤੇ ਕੱਪੜਿਆਂ ਨੂੰ ਸਾਫ਼ ਰਖਣਾ, ਅੰਮ੍ਰਿਤ ਵੇਲੇ ਉੱਠ ਕੇ ਹੁਣ ਕੇਸੀਂ ਇਸ਼ਨਾਨ ਕਰਨਾ, ਦੂਰ ਜੰਗਲ ਪਾਣੀ ਜਾਣਾ, ਹਰ ਰੋਜ਼ ਦਾਤਣ ਕਰਨੀ, ਸੁਭਾ ਵਿਚ ਉੱਦਮ ਤੇ ਬਾਕਾਇਦਗੀ ਭਰਨ ਬਾਰੇ ਆਮ ਉਪਦੇਸ਼ ਕਰਦੇ ਰਹਿੰਦੇ ਸਨ। ਸਰੀਰ ਨੂੰ ਕਸਰਤੀ, ਤੰਦਰੁਸਤ ਤੇ ਚੁਸਤ ਰੱਖਣ ਲਈ ਘੁੜ-ਸਵਾਰੀ, ਗਤਕੇ ਬਾਜ਼ੀ, ਪਥੇ ਬਾਜ਼ੀ ਆਦਿ ਦੀ ਰੀਤ ਆਪਣੇ ਸੇਵਕਾਂ ਵਿਚ ਪਰਚਲਤ ਕੀਤੀ ਹੋਈ ਸੀ। ਸਰੀਰ ਦੇ ਇਕ ਇਕ ਅੰਗ ਵੱਲ ਉਚੇਚਾ ਧਿਆਨ ਦਿਵਾਇਆ ਕਰਦੇ ਸਨ। ਲੁਧਿਆਨੇ ਦਾ ਭਾਈ ਅਤਰ ਸਿੰਘ (ਨਾਈ ਸਿੰਘ) ਭੈਣੀ ਸਾਹਿਬ ਵਿਆਹਿਆ ਹੋਇਆ ਸੀ ਤੇ ਬਾਬਾ ਜੀ ਦੇ ਚੰਗੇ ਸ਼ਰਧਾਲੂਆਂ ਵਿਚੋਂ ਸੀ। ਬਾਬਾ ਜੀ ਨੇ ਉਸ ਨੂੰ ਆਪਣੇ ਪਾਸ ਹੀ ਰਖਿਆ ਹੋਇਆ ਸੀ ਤੇ ਇਕ ਨਹੋਰਨਾ ਦੇ ਕੇ ਦੰਦਾਂ ਦਾ ਕਰੇੜਾ ਲਾਹੁਣ ਦੀ ਸੇਵਾ ਬਖ਼ਸ਼ੀ ਹੋਈ ਸੀ। ਜਿਹੜਾ ਵੀ ਸਿੰਘ ਅੰਮ੍ਰਿਤ ਛਕਣ ਲਈ ਆਉਂਦਾ, ਉਸ ਨੂੰ ਹੁਕਮ ਸੀ ਕਿ ਪਹਿਲਾਂ ਭਾਈ ਅਤਰ ਸਿੰਘ ਪਾਸੋਂ ਦੰਦ ਸਾਫ਼ ਕਰਵਾ ਆਵੇ ਫਿਰ ਅੰਮ੍ਰਿਤ ਛਕਾਇਆ ਜਾਵੇਗਾ।

**ਬਾਬਾ ਰਾਮ ਸਿੰਘ ਜੀ ਤੇ ਸਮਾਜ ਸੁਧਾਰ**

ਬਾਬਾ ਰਾਮ ਸਿੰਘ ਜੀ ਦਾ ਨਾਂ ਭਾਰਤ ਦੇ ਵਡੇ ਸਮਾਜ-ਸੁਧਾਰਕਾਂ ਵਿਚ ਗਿਣਿਆ ਜਾ ਸਕਦਾ ਹੈ। ਆਪ ਨੇ ਆਪਣੇ ਸੇਵਕਾਂ ਨੂੰ ਜਿਥੇ ਆਤਮਕ ਅਤੇ ਸਰੀਰਕ ਤੌਰ ਤੇ ਬਲਵਾਨ ਕਰਨ ਦਾ ਉਪਰਾਲਾ ਕੀਤਾ, ਉਥੇ ਨਾਲ ਨਾਲ ਉਨ੍ਹਾਂ ਨੂੰ ਸਮਾਜ ਦਾ ਨਰੋਆ ਅੰਗ ਵੀ ਬਣਾਇਆ। ਆਪ ਪੰਜਾਬੀ ਸਮਾਜ ਵਿਚ ਪਰਚਲਤ ਪੁਰਾਣੀਆਂ ਤੇ ਬੋਦੀਆਂ ਕੀਮਤਾਂ ਦੀ ਥਾਂ ਨਵੀਆਂ ਤੇ ਵਿਗਿਆਨਕ ਲੀਹਾਂ ਤੋਰਨੀਆਂ ਚਾਹੁੰਦੇ ਸਨ। ਇਕ ਨਾਮਧਾਰੀ ਦਾ ਜੀਵਨ ਆਦਰਸ਼ਕ ਸਮਾਜਕ ਜੀਵਨ ਹੈ ਜਿਸ ਦੀਆਂ ਨੀਹਾਂ ਬਾਬਾ ਰਾਮ ਸਿੰਘ ਜੀ ਨੇ ਪੰਚਾਇਤੀ ਢੰਗ ਤੇ ਰਖੀਆਂ ਸਨ। ਛੋਟੇ ਵਡੇ ਦਾ, ਉਚ ਨੀਚ ਦਾ ਕੋਈ ਵਿਤਕਰਾ ਨਹੀਂ ਸੀ। ਉਚਾ ਉਹ ਹੈ ਜੋ ਉਚਿਆਂ ਵਾਲੇ ਕੰਮ ਕਰਦਾ ਹੈ ਨਾ ਕਿ ਉਹ ਜੋ ਉਚ ਘਰਾਣੇ ਵਿਚ ਪੈਦਾ ਹੋਇਆ ਹੈ। ਆਪ ਅਜਿਹੇ ਉਪਦੇਸ਼ ਦਿੰਦੇ ਹੋਏ ਕਈ ਵੇਰ ਆਪਣੇ ਸੇਵਕਾਂ ਨੂੰ ਕਹਿਆ ਕਰਦੇ ਸਨ ਕਿ ਨਾਮ ਤੇ ਪ੍ਰਭੂ ਸਿਮਰਨ ਹੀ ਮਨੁੱਖ-ਮਾਤਰ ਨੂੰ ਉਚਿਆਂਦਾ ਹੈ, ਨਹੀਂ ਤਾਂ ਮੇਰੇ ਵਰਗੇ ਮਮੂਲੀ ਤਰਖਾਨ ਨੂੰ ਕੌਣ ਪੁਛਦਾ ਹੈ। ਆਪ ਜੀ ਦੀ ਸਮਾਜ, ਸਚਾਈ ਅਤੇ ਪ੍ਰਭੂ ਸਿਮਰਨ ਦੀਆਂ ਨੀਹਾਂ ਤੇ ਖੜੀ ਦਿਸਦੀ ਹੈ। ਆਪ ਜੀ ਦੇ ਬੁਨਿਆਦੀ ਸਮਾਜਕ ਅਸੂਲਾਂ ਬਾਰੇ ਸਰਕਾਰੀ ਕਾਗਜ਼ਾਂ ਵਿਚੋਂ ਹੇਠ ਲਿਖੀ ਲਿਖਤ ਮਿਲਦੀ ਹੈ:-

"He abolishes all distinctions of caste among Sikhs; advocates indis-criminate marriage of all classes; enjoins the marriages of widows; enjoins abstinance from liquor and drugs; but advocates much too free intercourse between the sexes; men and women rave together at his meetings; and thousands of women and young girls have joined the Sect, he exports his disciples to be clearly and truth telling."

ਅਰਥਾਤ:-ਉਹ (ਬਾਬਾ ਰਾਮ ਸਿੰਘ) ਸਿੱਖਾਂ ਵਿਚੋਂ ਜ਼ਾਤ-ਪਾਤ ਦਾ ਭੇਦ ਮਿਟਾਂਦਾ ਹੈ, ਸਭ ਜ਼ਾਤਾਂ ਵਿਚ ਪ੍ਰਸਪਰ ਖੁਲ੍ਹੀਆਂ ਵਿਆਹ ਸ਼ਾਦੀਆਂ ਦਾ ਪਰਚਾਰ ਕਰਦਾ ਹੈ, ਵਿਧਵਾ-ਵਿਆਹ ਦੀ ਆਗਿਆ ਦਿੰਦਾ ਹੈ, ਸ਼ਰਾਬ ਅਤੇ ਹੋਰ ਨਸ਼ਿਆਂ ਤੋਂ ਵਰਜਦਾ ਹੈ। ਪੁਰਸ਼ ਅਤੇ ਇਸਤਰੀਆਂ ਦੇ ਖੁਲ੍ਹੇ

ਮੇਲ ਜੋਲ ਨੂੰ ਪਰਚਾਰਦਾ ਹੈ ਅਤੇ ਉਸ ਦੇ ਦੀਵਾਨਾਂ ਵਿਚ ਪੁਰਸ਼ ਇਸਤਰੀਆਂ ਇਕੱਠੇ ਵਿਚਰਦੇ ਹਨ। ਹਜ਼ਾਰਾਂ ਦੀ ਗਿਣਤੀ ਵਿਚ ਇਸਤਰੀਆਂ ਅਤੇ ਜਵਾਨ ਲੜਕੀਆਂ ਉਸ ਦੇ ਪੰਥ ਵਿਚ ਆ ਚੁਕੀਆਂ ਹਨ। ਉਹ ਆਪਣੇ ਸੇਵਕਾਂ ਨੂੰ ਸੱਚ ਬੋਲਣ ਅਤੇ ਸਵੱਛ ਰਹਿਣੀ ਬਹਿਣੀ ਦਾ ਉਪਦੇਸ਼ ਕਰਦਾ ਹੈ।

ਛੋਟੀ ਉਮਰ ਦੇ ਬੱਚਿਆਂ ਦਾ ਵਿਆਹ ਕਰ ਦੇਣ ਦੀ ਰੀਤ ਬੜੇ ਚਿਰ ਤੋਂ ਭਾਰਤ ਵਰਸ਼ ਵਿਚ ਚਲੀ ਆਉਂਦੀ ਹੈ। ਆਪ ਜੀ ਦੀ ਸ਼ਾਦੀ ਵੀ ਸੱਤ ਸਾਲ ਦੀ ਆਯੂ ਵਿਚ ਹੀ ਹੋ ਗਈ ਸੀ। ਆਪ ਛੋਟੀ ਉਮਰ ਦੀ ਸ਼ਾਦੀ ਦੇ ਔਗੁਣਾਂ ਨੂੰ ਚੰਗੀ ਤਰ੍ਹਾਂ ਸਮਝਦੇ ਸਨ ਤੇ ਉਸ ਨੂੰ ਕੋਸਦੇ ਹੋਏ ਆਪਣੇ ਸੇਵਕਾਂ ਨੂੰ ਇਸ ਪਾਸੋਂ ਛੁਟਕਾਰਾ ਪਾਉਣ ਦੀ ਪਰੇਰਨਾ ਕਰਦੇ ਸਨ । ਆਪ ਜੀ ਦਾ ਹੁਕਮ ਸੀ ਕਿ ਕੋਈ ਸ਼ਾਦੀ ਵੀ ਛੋਟੀ ਆਯੂ ਵਿਚ ਨਾ ਕੀਤੀ ਜਾਵੇ ਅਤੇ ਆਪ ਪਰਦੇਸ ਬੈਠੇ ਹੋਏ ਵੀ ਆਪਣੇ ਸੇਵਕਾਂ ਨੂੰ ਇਸ ਗੱਲ ਦੀ ਚਿਤਾਵਨੀ ਕਰਾਉਂਦੇ ਹਨ:-

"........ਗੁਰੂ ਜੀ ਦਾ ਭੀ ਏਹੋ ਹੁਕਮ ਹੈ, ਅਜੋ ਠਾਰਾਂ ਬਰਸ ਦਾ ਲੜਕਾ ਹੋਵੇ ਤਾਂ ਬਿਆਹ ਕਰਨਾਂ, ਉਰੇ ਨਹੀਂ ਕਰਨਾਂ।"

ਆਪ ਜੀ ਨੇ ਆਮ ਭਾਈਚਾਰਕ ਵਰਤੋਂ ਵਿਹਾਰ ਦੇ ਭੀ ਬਹੁਤ ਸਾਰੇ ਨਿਯਮ ਆਪਣੇ ਸੇਵਕਾਂ ਵਿਚ ਪਰਚਲਤ ਕਰਵਾਏ। ਪੈਸੇ ਬਿਆਜ਼ੀ ਦੇਣ ਜਾਂ ਬਿਆਜ ਲੈਣ, ਜਿਨਸ ਦੇ ਕੇ ਸਵਾਈ ਜਾਂ ਡਿਉਢੀ ਲੈਣ ਆਦਿ ਨੂੰ ਆਪ ਬਹੁਤ ਬੁਰਾ ਮੰਨਦੇ ਸਨ। ਆਪ ਦਾ ਖਿਆਲ ਸੀ ਕਿ ਮਨੁੱਖਤਾ ਵਿਚ ਭਰਾਤਰੀ-ਭਾਵ ਤੇ ਭਾਈਚਾਰਕ ਪੱਧਰ ਕਾਇਮ ਰੱਖਣ ਲਈ ਇਨ੍ਹਾਂ ਚੀਜ਼ਾਂ ਦਾ ਤਿਆਗ ਜ਼ਰੂਰੀ ਹੈ। ਜਿਸ ਕਿਸੇ ਪਾਸ ਬਹੁਤਾ ਹੈ ਉਸ ਦਾ ਇਖ਼ਲਾਕੀ ਫਰਜ਼ ਬਣਦਾ ਹੈ ਕਿ ਆਪਣੇ ਗੁਆਂਢੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਉਸ ਦਾ ਹੱਥ ਵਟਾਏ, ਨਾ ਕਿ ਕਿਸੇ ਲੋੜਵੰਦ ਨੂੰ ਮੁਸ਼ਕਲ ਵਿਚ ਫਸਿਆਂ ਵੇਖ ਕੇ ਵੱਧ ਤੋਂ ਵੱਧ ਬਿਆਜ ਲੈ ਕੇ ਪੈਸੇ ਵਰਤਣ ਲਈ ਦਿਤੇ ਜਾਣ। ਅਜਿਹਾ ਕਰਨ ਵਾਲੇ ਨੂੰ ਨਾਮਧਾਰੀ ਬਰਾਦਰੀ ਵਿਚ ਕੋਈ ਥਾਂ ਨਹੀਂ। ਆਪ ਆਪਣੀ ਇਕ ਅਰਦਾਸ ਵਿੱਚ ਲਿਖਦੇ ਹਨ:-

"........ਜੇ ਕੋਈ ਬਟਾ ਕਰੂਗਾ, ਬਿਆਜ ਲਊਗਾ, ਕੰਨਿਆ ਦਾ ਪੈਸਾ ਲਊਗਾ, ਕੰਨਿਆ ਮਾਰੂਗਾ, ਉਸ ਦੇ ਨਾਲ ਨਹੀਂ ਵਰਤਣਾ॥੧੧॥

ਆਪ ਜੀ ਦੇ ਪਰਚਲਤ ਕੀਤੇ ਭਾਈਚਾਰਕ ਨਿਜ਼ਾਮ ਵਿੱਚ ਝੂਠ, ਚੋਰੀ ਯਾਰੀ, ਵਿਭਚਾਰ, ਜਾਦੂ, ਟੂਣੇ, ਤਵੀਤਾਂ ਆਦਿ ਦੇ ਵਹਿਮਾਂ ਨੂੰ ਕੋਈ ਥਾਂ ਨਹੀਂ।

ਕੂਕਾ ਪੰਥ ਬਾਰੇ ਇਕ ਸਰਕਾਰੀ ਟ੍ਰੈਕਟ, ਜੋ ਉਸ ਸਮੇਂ ਪੰਜਾਬ ਸਰਕਾਰ ਨੇ ਆਪਣੇ ਕਰਮਚਾਰੀਆਂ ਵਿੱਚ ਵੰਡਿਆ, ਵਿੱਚ ਲਿਖਿਆ ਹੈ :-

ਉਹ (ਕੂਕੇ) ਉੱਚੇ ਸਦਾਚਾਰ ਦਾ ਉਪਦੇਸ਼ ਕਰਦੇ ਹਨ, ਚੋਰੀ ਯਾਰੀ ਅਤੇ ਵਿਭਚਾਰ ਦੀ ਬੜੇ ਜ਼ੋਰ ਨਾਲ ਨਿਖੇਧੀ ਕਰਦੇ ਹਨ। ਉਹ ਉਨ੍ਹਾਂ ਸਾਰੀਆਂ ਬੁਰਾਈਆਂ ਨੂੰ ਦੂਰ ਕਰਨਾ ਚਾਹੁੰਦੇ ਹਨ ਜਿਨ੍ਹਾਂ ਨੇ ਸਿੱਖ ਪੰਥ ਨੂੰ ਭ੍ਰਿਸ਼ਟ ਕਰ ਦਿਤਾ ਹੈ।"

ਆਪ ਨੇ ਗੁਰੂ ਸਾਹਿਬਾਂ ਦੇ ਪਾਏ ਹੋਏ ਪੂਰਨਿਆਂ ਤੇ ਚਲਦਿਆਂ ਹੋਇਆਂ ਪੰਜਾਬੀ ਸਮਾਜ ਵਿਚ ਇਸਤਰੀ ਨੂੰ ਹਰ ਪਹਿਲੂ ਤੋਂ ਪੁਰਸ਼ ਦੇ ਬਰਾਬਰ ਲਿਆਉਣ ਦਾ ਜਤਨ ਕੀਤਾ। ਆਪ ਜੀ ਨੇ ਇਹ ਚੰਗੀ ਤਰ੍ਹਾਂ ਅਨੁਭਵ ਕਰ ਲਇਆ ਸੀ ਕਿ ਇਸਤਰੀ ਤੇ ਪੁਰਸ਼ ਦੋਵੇਂ ਸਮਾਜਕ ਪਹੀਏ ਇਕੋ ਜਿਹੀ ਮਹਾਨਤਾ ਰਖਦੇ ਹਨ ਅਤੇ ਇਨ੍ਹਾਂ ਦਾ ਅਰੋਗ ਰਹਿਣਾ ਹੀ ਸਮਾਜਕ ਉਨਤੀ ਦਾ ਸਾਧਨ ਬਣ ਸਕਦਾ ਹੈ। ਆਪ ਨੇ ਇਸਤਰੀ ਤੇ ਪੁਰਸ਼ ਦੋਹਾਂ ਦੀ ਆਤਮਕ ਪਰਫੁੱਲਤਾ ਜ਼ਰੂਰੀ ਦੱਸੀ, ਇਕੋ ਪੱਧਰ ਤੇ ਲਿਆ ਕੇ ਖੰਡੇ ਦੀ ਧਾਰ ਦਾ ਅੰਮ੍ਰਿਤ ਛਕਾਇਆ ਤੇ ਨਾਮ ਜਪਣ ਵਲ ਲਾਇਆ। ਬਾਬਾ ਰਾਮ ਸਿੰਘ ਜੀ ਨੇ ਇਸਤਰੀਆਂ ਵਿਚੋਂ ਸਭ ਤੋਂ ਪਹਿਲਾਂ ਪਿੰਡ ਸਿਆਹੜ (ਜ਼ਿਲ੍ਹਾ ਲੁਧਿਆਣਾ) ਦੀ ਮਾਈ ਖੇਮੋ ਨੂੰ ਸੰਮਤ ੧੯੧੫ ਬਿਕ੍ਰਮੀ ਅਰਥਾਤ ਸੰਨ ੧੯੫੮ ਵਿਚ ਅੰਮ੍ਰਿਤ ਦੀ ਦਾਤ ਬਖਸ਼ੀ। ਇਸਤਰੀਆਂ ਨੂੰ ਵੀ ਪੁਰਸ਼ਾਂ ਵਾਂਗ ਹੀ ਦੀਵਾਨ ਵਿਚ ਆ ਕੇ ਧਾਰਨਾ ਨਾਲ ਸ਼ਬਦ ਪੜ੍ਹਨ, ਨਿਤਨੇਮ ਕਰਨ, ਲੰਗਰ ਵਿਚ ਸੇਵਾ ਕਰਨ ਦੇ ਉਪਦੇਸ਼ ਦਿੱਤੇ। ਧਰਮ ਪਰਚਾਰ ਕਰਨ ਸਮੇਂ ਭੀ ਪੁਰਸ਼ਾਂ ਦੇ ਨਾਲ ਨਾਲ, ਇਸਤਰੀਆਂ ਨੂੰ ਪਰਚਾਰਕ ਨੀਅਤ ਕੀਤਾ ਗਇਆ। ਉਪਰ ਦਸਿਆ ਜਾ ਚੁੱਕਾ ਹੈ ਕਿ ਪਿੰਡ ਵਰਿਆਂਹ ਜ਼ਿਲਾ ਅੰਮ੍ਰਿਤਸਰ ਦੀ ਬੀਬੀ ਹੁਕਮੀ ਨੂੰ ਸੂਬੇ ਦੀ ਪਦਵੀ ਦਿਤੀ ਗਈ। ਖੁਲ੍ਹੇ ਦੀਵਾਨਾਂ ਵਿਚ ਵਿਵਾਹ ਕਰਨ ਦੀ ਰੀਤ ਤੋਰ ਕੇ ਪਰਦੇ ਤੋਂ ਛੁਟਕਾਰਾ ਦਿਵਾਇਆ।

ਕਈ ਸਦੀਆਂ ਤੋਂ ਪੰਜਾਬ, ਭਾਰਤ ਉਤੇ ਹਮਲਾ ਕਰਨ ਵਾਲਿਆਂ ਦਾ ਰਾਹ ਬਣਿਆ ਹੋਇਆ ਸੀ ਤੇ ਅਜਿਹੇ ਸਮੇਂ ਸਭ ਤੋਂ ਵਧੇਰੇ ਕਸ਼ਟ ਪੰਜਾਬੀਆਂ ਨੂੰ ਹੀ ਸਹਿਣੇ ਪੈਂਦੇ ਸਨ। ਇਸਤਰੀਆਂ ਦੀ ਬੇਪਤੀ ਹੁੰਦੀ ਸੀ ਜਿਸ ਕਰ ਕੇ ਲੋਕ ਲੜਕੀਆਂ ਨੂੰ ਜੰਮਦਿਆਂ ਹੀ ਮਾਰ ਦਿਆ ਕਰਦੇ ਸਨ। ਇਸੇ ਬੁਰੇ ਰਿਵਾਜ ਨੂੰ ਸਿੱਖ ਗੁਰੂਆਂ ਨੇ ਆਪਣੇ ਉਪਦੇਸ਼ਾਂ ਰਾਹੀਂ ਦੂਰ ਕਰਨ ਦਾ ਜਤਨ ਕੀਤਾ। ਸਿੱਖ ਰਹਿਤਨਾਮਿਆਂ ਵਿਚ ਵੀ ਕੁੜੀਮਾਰ ਨਾਲ ਵਰਤੋਂ ਵਿਹਾਰ ਦੀ ਮਨਾਹੀ ਕੀਤੀ ਗਈ ਹੈ। ਇੰਨਾ ਕੁਝ ਹੋਣ ਦੇ ਬਾਵਜੂਦ ਵੀ ਇਹ ਬੀਮਾਰੀ ਪੂਰੇ ਤੌਰ ਤੇ ਸਿੱਖਾਂ ਵਿਚੋਂ ਖਤਮ ਨਹੀਂ ਸੀ ਹੋਈ ਜਾਂ ਪਰਚਾਰ ਦੀ ਥੁੜ

ਦੇ ਕਾਰਨ ਕਈ ਘਰਾਣਿਆਂ ਵਿਚ ਮੁੜ ਸ਼ੁਰੂ ਹੋ ਗਈ ਸੀ। ਬਾਬਾ ਰਾਮ ਸਿੰਘ ਜੀ ਨੇ ਆਪਣੇ ਸੇਵਕਾਂ ਦਾ ਧਿਆਨ ਉਚੇਚਾ ਇਸ ਪਾਸੇ ਵੱਲ ਦਿਵਾਇਆ। ਆਪ ਦੇ ਪਰਚਾਰ ਦਾ ਸਦਕਾ, ਇਲਾਕਾ ਗੁਜਰਵਾਲ (ਜ਼ਿਲਾ ਲੁਧਿਆਨਾ) ਦੇ ਗਰੇਵਾਲ ਤੇ ਇਲਾਕਾ ਸਰਹਾਲੀ (ਜ਼ਿਲ੍ਹਾ ਅੰਮ੍ਰਿਤਸਰ) ਦੇ ਸੰਧੂ ਸਰਦਾਰ ਘਰਾਣਿਆਂ ਨੇ ਇਸ ਬੀਮਾਰੀ ਤੋਂ ਛੁਟਕਾਰਾ ਪਾਇਆ।

ਆਪ ਨੇ ਕੁੜੀਆਂ ਨੂੰ ਵੀ ਮੁੰਡਿਆਂ ਵਾਂਗ ਹੀ ਪਾਲਣ ਪੋਸਣ ਤੇ ਵਿਦਿਆ ਦੇਣ ਦੀਆਂ ਹਦਾਇਤਾਂ ਕੀਤੀਆਂ। ਭਾਵੇਂ ਨਾਮਧਾਰੀ ਨਾ-ਮਿਲਵਰਤਣ ਲਹਿਰ ਹੇਠ ਸਰਕਾਰੀ ਸਕੂਲਾਂ ਕਾਲਜਾਂ ਦਾ ਬਾਈਕਾਟ ਕੀਤਾ ਗਇਆ ਸੀ ਪਰੰਤੂ ਫਿਰ ਵੀ ਸੰਗਤ ਦੇ ਆਪਣੇ ਜਤਨਾਂ ਨਾਲ ਮੁੰਡਿਆਂ ਦੇ ਨਾਲ ਨਾਲ ਇਸਤਰੀਆਂ ਨੂੰ ਵੀ ਲੋੜੀਂਦੀ ਵਿਦਿਆ ਦਿੱਤੀ ਜਾਂਦੀ ਰਹੀ ਹੈ। ਘੱਟੋ-ਘੱਟ ਗੁਰਮੁਖੀ ਪੜ੍ਹਨੀ ਤੇ ਲਿਖਣੀ, ਪੰਜ ਗ੍ਰੰਥੀ ਤੇ ਗੁਰੂ ਗ੍ਰੰਥ ਦਾ ਪਾਠ ਕਰਨਾ, ਨਿਤਨੇਮ ਕੰਠ ਕਰਨਾ ਆਦਿ ਹਰੇਕ ਇਸਤਰੀ ਜ਼ਰੂਰੀ ਮੰਨਿਆ ਜਾਂਦਾ ਹੈ। ਬਾਬਾ ਜੀ ਦੇਸ਼ ਨਿਕਾਲੇ ਦੇ ਸਮੇਂ ਭੀ ਆਪਣੇ ਸੇਵਕਾਂ ਨੂੰ ਅਜਿਹੀਆਂ ਸਿਖਿਆਵਾਂ ਅਰਦਾਸਾਂ ਰਾਹੀਂ ਭੇਜਦੇ ਰਹਿੰਦੇ ਸਨ, ਜਿਵੇਂ:-

"......ਹੋਰ ਭਾਈ ਸਿਆਮ ਸਿੰਘ ਜੀ ਸਾਰੀ ਸੰਗਤ ਨੂੰ ਇਹ ਹੁਕਮ ਦੇਣਾ, ਭੋਗ ਗੁਰੂ ਗ੍ਰੰਥ ਦੇ ਤੇ ਬਾਣੀ ਕੰਠ ਕਰਨ ਸਰਬ ਬੁਢੇ, ਬਾਲੇ, ਮਾਈ, ਬੀਬੀ, ਪਿਛਲ ਰਾਤ ਅਸ਼ਨਾਨ, ਤੇ ਲੜਕੇ ਲੜਕੀਆਂ ਨੂੰ ਅੱਖਰ ਪੜ੍ਹਾ ਦੇਣੇ"॥੪੬॥

"......ਬੀਬੀ ਨੰਦਾਂ ਲਟਕੀਆਂ ਨੂੰ ਬਹੂਆਂ ਨੂੰ ਬੀ ਅਖਰ ਪੜ੍ਹਾ ਦੇਨੇ ਗੁਰਮੁਖੀ, ਬਾਣੀ ਕੰਠ ਕਰਾਏ ਦੇਨੀ" ॥੯॥

ਜਵਾਨ ਲੜਕੀਆਂ ਦਾ ਵੇਚ ਦੇਣਾ, ਵੱਟੇ ਦੀ ਸ਼ਾਦੀ ਕਰਨੀ ਜਾਂ ਪੈਸੇ ਲੈ ਕੇ ਲੜਕੀ ਨੂੰ ਕਿਸੇ ਬੁਢੇ ਠੇਰੇ ਦੇ ਲੜ ਲਾ ਦੇਣਾ ਆਦਿ ਕੁਰੀਤੀਆਂ ਜੋ ਸਿਖ-ਰਹਿਤਨਾਮਿਆਂ ਅਨੁਸਾਰ ਵਿਵਰਜਤ ਹਨ, ਨੂੰ ਬਾਬਾ ਜੀ ਨੇ ਹਟਾਇਆ ਤੇ ਇਸਤਰੀ ਦਾ ਸਿੱਖ ਸਮਾਜ ਵਿਚ ਯੋਗ ਸਥਾਨ ਸਥਾਪਤ ਕੀਤਾ। ਆਪਣੀਆਂ ਅਰਦਾਸਾਂ ਰਾਹੀਂ ਭੀ ਆਪਣੇ ਸਿੱਖਾਂ ਨੂੰ ਸਖਤ ਤਾੜਨਾ ਕਰਦੇ ਹਨ ਤੇ ਇਸਤਰੀ ਦਾ ਮਾਣ ਕਰਾਉਂਦੇ ਹਨ, ਜਿਵੇਂ:-

"......ਇਕ ਹੋਰ ਭੀ ਬਾਤ ਸਭ ਨੂੰ ਸੁਣਾ ਦੇਣੀ, ਜੋ ਨਾ ਕੋਈ ਕੁੜੀ ਮਾਰੇ, ਨਾ ਬੇਚੇ, ਨਾ ਬਟਾ ਕਰੇ। ਜੋ ਇਹ ਬਾਤ ਨਾ ਮੰਨੇ ਤਾਂ ਉਸ ਨੂੰ ਸੰਗਤ ਮੈਂ ਨਾ ਬੜਨ ਦੇਣਾ। ਜੇ ਨਾ ਮੰਨੇ ਤਾਂ ਆਖਣਾ ਫੇਰ ਨਾ ਆਈਂ, ਨਾ ਹਟੇ ਜੁਤੀਆਂ ਮਾਰ ਕੇ ਕੱਢ ਦੇਣਾ, ਕੁਛ ਕਰਦਾ ਫਿਰੇ॥੧੦॥

ਕੁੜੀਆਂ ਵੇਚਣ ਦੇ ਨਫੇ ਨੁਕਸਾਨ ਦੀ ਚਰਚਾ ਕਰਦੇ ਹੋਏ ਆਪਣੇ ਸੇਵਕਾਂ ਨੂੰ ਸਮਝਾਉਂਦੇ ਹਨ। ਇਸਤਰੀ ਜਾਤੀ ਲਈ ਆਪ ਦੇ ਹਿਰਦੇ ਵਿਚ ਕਿੰਨਾ ਸਤਿਕਾਰ ਹੈ, ਹੇਠ ਲਿਖੀ ਅਰਦਾਸ ਤੋਂ ਪਤਾ ਲਗਦਾ ਹੈ:-

......ਅਗੇ ਜੋ ਲੜਕੀ ਮਾਰੇ, ਤੇ ਲਟਕੀ ਬੇਚ ਦੇਨੇ ਦਾ ਬਡਾ ਪਾਪ ਹੈ, ਕਿਉਂਕਿ ਲਟਕੀਆਂ ਮੈਂ ਬਡੇ ਗੁਣ ਹੈ, ਅਨੇਕ ਤਰ੍ਹਾਂ ਦੇ ਸੁਖ ਦੇਂਦੀਆਂ ਹੈ। ਇਸਤਰੀਆਂ ਦੇ ਗੁਣ ਕਹੇ ਨਹੀਂ ਜਾਂਦੇ ਮੇਰੇ ਪਾਸ ਤੇ। ਕੁੜੀਆਂ ਦਾ ਮਾਰਨਾਂ ਗਊ ਤੋਂ ਭੀ ਬਡਾ ਪਾਪ ਹੈ, ਬੱਟਾ ਕਰਨਾਂ ਤੋਂ ਕੰਮ ਲੈਣ ਦਾ ਏਕ ਤੋ ਬਰ ਅਛਾ ਨਹੀਂ ਮਿਲਦਾ, ਮਿਲਦਾ ਹੈ, ਦੰਮ ਲੈਣ ਤੇ ਕੁੜੀ ਦੇ ਘਰ ਕੁਛ ਨਹੀਂ ਰਹਿੰਦਾ ਹੈ, ਕੁੜੀ ਬਹੁਤ ਦੁਖੀ ਰਹਿੰਦੀ ਹੈ, ਨਾਲੇ ਕੁੜੀ ਬਿਭਚਾਰਨ ਹੋਇ ਜਾਂਦੀ ਹੈ, ਬਹੁਤ ਥਾਂਇ ਖਰਾਬ ਹੁੰਦੀ ਹੈ, ਇਹ ਸਾਰੇ ਪਾਪ ਮਾਪਿਆਂ ਨੂੰ ਲਗਦਾ ਹੈ। ਮਾਪਿਆਂ ਦੇ ਬੁਰੇ ਹਾਲ ਹੋ ਜਾਂਦੇ ਹਨ। ਮੈਂ ਲੜਕੀ ਆਪਣੀ ਅੱਖੀਂ ਦੇਖੀ ਹੈਨ ਇਹ ਬਾਤ, ਸਤਿ ਪ੍ਰਤੀਤ ਜਾਨਣੀ। ਖਾਲਸਾ ਜੀ, ਜੋ ਲਿਖੀ ਹੈ। ਲੜਕੀ ਮਾਰੇ ਯਾ ਬੇਚੇ, ਬੱਟਾ ਕਰੇ, ਉਸ ਦੇ ਨਾਲ ਨਹੀਂ ਸੰਗਤ ਨੇ ਬਰਤਨਾਂ, ਨਾ ਉਸ ਦੇ ਹੱਥ ਜਲ ਪਾਨ ਕਰਨਾਂ, ਇਦੂੰ ਪਿਛੇ ਹੋਈ ਮੋ ਹੋਈ ਹੁਣ ਅਗੇ ਸਮਝ ਕੇ ਬਰਤਣਾਂ॥੪੭॥

ਉਪਰੋਕਤ ਚਿੱਠੀਆਂ ਤੋਂ ਭਲੀ ਪਰਕਾਰ ਸਪੱਸ਼ਟ ਹੋ ਜਾਂਦਾ ਹੈ ਕਿ ਬਾਬਾ ਜੀ ਇਸਤਰੀ ਜਾਤੀ ਨੂੰ ਉੱਚ ਸਮਾਜਕ ਪੱਧਰ ਤੇ ਲਿਆਉਣ ਲਈ ਕਿੰਨੀ ਸਖਤੀ ਨਾਲ ਆਪਣੇ ਸੇਵਕਾਂ ਵਿਚ ਨਵੀਨ ਸਮਾਜਕ ਕੀਮਤਾਂ ਦਾ ਪਰਵੇਸ਼ ਕਰਨਾ ਚਾਹੁੰਦੇ ਸਨ। ਜਾਪਦਾ ਹੈ, ਉਹ ਹਰ ਹੀਲੇ ਪੁਰਾਤਨ ਬੁਰੀਆਂ ਰਸਮਾਂ ਨੂੰ ਖਤਮ ਕਰਨਾ ਚਾਹੁੰਦੇ ਸਨ, ਪਿਆਰ ਨਾਲ, ਸਮਝਾ ਬੁਝਾ ਕੇ ਅੰਤ ਸਖਤੀ ਨਾਲ ਵੀ। ਉਹ ਕਦੇ ਵੀ ਅਜਿਹੀ ਸਮਾਜ ਨੂੰ ਪਰਵਾਨ ਕਰਨ ਨੂੰ ਤਿਆਰ ਨਹੀਂ ਸਨ ਜਿਸ ਵਿਚ ਇਸਤਰੀ ਨਿਰਬਲ ਤੇ ਕਮਜ਼ੋਰ ਸਮਝੀ ਜਾਂਦੀ ਹੈ, ਪਸ਼ੂਆਂ ਹਾਰ ਵਟਾਈ ਤੇ ਵੇਚੀ ਜਾਂਦੀ ਹੈ।

ਬਾਬਾ ਜੀ ਦੇ ਇਸਰਤੀ ਜਾਤੀ ਲਈ ਕੀਤੇ ਹੋਏ ਕੰਮਾਂ ਦਾ ਜਾਇਜ਼ਾ ਲੈਂਦੇ ਹੋਏ ਸਰਦਾਰ ਕਪੂਰ ਸਿੰਘ ਜੀ ਆਈ. ਸੀ. ਐਸ. ਲਿਖਦੇ ਹਨ:-

ਸਿਖ ਗੁਰੂਆਂ, ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਪਿਛੋਂ, ਬਾਬਾ ਰਾਮ ਸਿੰਘ ਹਿੰਦੁਸਤਾਨ ਵਿਚ ਇਕ ਮਹਾਨ ਸੁਧਾਰਕ ਤੇ ਰਾਹਨੁਮਾ ਹੋਏ ਹਨ ਜਿਨ੍ਹਾਂ ਨੇ ਸਮਾਜ ਵਿਚ ਮਰਦ ਤੇ ਇਸਤਰੀ ਦੀ ਸੰਪੂਰਨ ਤੇ ਮੁਕੰਮਲ ਏਕਤਾ ਦਾ ਪਰਚਾਰ ਕੀਤਾ ਤੇ ਆਪਣੇ ਪਰਚਾਰ ਵਿਚ ਸਫਲ ਹੋਏ।

**ਬਾਕੀ ਸਫ਼ਾ ਨੰ 21 'ਤੇ**

# ਸਤਿਗੁਰੂ ਰਾਮ ਸਿੰਘ ਜੀ ਮਿਹਰ ਨਜ਼ਰ ਦੀ ਕੀਲ ਵਿੱਚ ਆਉਣ ਵਾਲਾ ਮਾਝੇ ਦਾ ਖਤਰਾਈਆ ਪਰਿਵਾਰ



**ਸੁਵਰਨ ਸਿੰਘ ਵਿਰਕ**
**99963-71716**

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਪੰਜਾਬ ਵਿੱਚ ਬਸਤੀਵਾਦੀ ਅੰਗਰੇਜ਼ੀ ਸ਼ਾਸਨ ਪ੍ਰਣਾਲੀ ਕਾਇਮ ਹੋਣ ਤੋਂ ਬਾਅਦ, ਇਸਦੇ ਪੰਜਾਬੀ ਜਨ ਜੀਵਨ ਤੇ ਪੈਣ ਵਾਲੇ ਮਾਰੂ ਪ੍ਰਭਾਵ ਨੂੰ ਅਗਾਊਂ ਹੀ ਮਹਿਸੂਸਦਿਆਂ, ਇਸ ਵਿਰੁੱਧ ਵਿਆਪਕ ਪੱਧਰ ਤੇ ਜਨ- -ਲਾਮਬੰਦੀ ਲਈ ਨਾਮਧਾਰੀ ਸੰਤ ਖਾਲਸਾ ਦੀ ਸਥਾਪਨਾ ਕੀਤੀ। ਸਤਿਗੁਰੂ ਜੀ ਕੋਈ ਦਹਾਕਾ ਭਰ ਮਹਾਰਾਜਾ ਰਣਜੀਤ ਸਿੰਘ ਅਤੇ ਉਸ ਦੇ ਵਾਰਿਸਾਂ ਦੇ ਰਾਜ ਸਮੇਂ ਲਾਹੌਰ ਦਰਬਾਰ ਦੀ ਸਿੱਖ ਸੈਨਾ ਵਿੱਚ ਸਿਪਾਹੀਗੀਰੀ ਕਰਦੇ ਰਹੇ ਸਨ। ਇਸ ਸਮੇਂ ਆਪ ਜੀ ਨੇ ਸਿੱਖ ਸਾਮੰਤ ਸ਼ਾਹੀ ਦੇ ਨੈਤਿਕ ਪਤਨ ਦਾ ਬਹੁਤ ਨੇੜਿਉਂ ਅਵਲੋਕਨ ਕੀਤਾ ਸੀ। ਆਪ ਜੀ ਨੇ ਵੇਖ ਲਿਆ ਸੀ ਕਿ ਇਸ ਸਮੇਂ ਸਿੱਖਾਂ ਦੇ ਸਿਆਸੀ, ਸਮਾਜੀ ਅਤੇ ਧਾਰਮਿਕ ਮੁਖੀ ਵੀ ਗੁਰੂ ਨਾਨਕ ਪਾਤਸ਼ਾਹ ਅਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੁਆਰਾ ਬਖਸ਼ੀ, ਸਿੱਖ-ਖਾਲਸਾ ਜੀਵਨ ਜਾਚ ਤੋਂ ਵੀ ਕੋਹਾਂ ਦੂਰ ਜਾ ਚੁੱਕੇ ਸਨ। ਉਹਨਾਂ ਵਿੱਚ ਹਰ ਤਰ੍ਹਾਂ ਦੇ ਨਸ਼ੇ, ਸੁਰਾ-ਸੁੰਦਰੀ ਦਾ ਪ੍ਰਚਲਨ, ਵੰਡ ਛਕਣ ਦਾ ਗੁਰ ਉਪਦੇਸ਼ ਤਿਆਗ ਕੇ ਖੋਹਾ-ਮੋਹੀ ਦੀ ਰੁਚੀ ਅਤੇ ਭਰਾ ਮਾਰੂ ਜੰਗਾਂ ਦਾ ਰਿਵਾਜ ਪੈ ਚੁੱਕਾ ਸੀ। ਐਬਾਂ ਅਤੇ ਨਸ਼ਿਆਂ ਵਿੱਚ ਡੁੱਬਾ ਵਿਅਕਤੀ ਫਰੰਗੀਆਂ ਵਰਗੀ ਚਲਾਕ, ਉੱਨਤ ਅਤੇ ਸਾਧਨ ਸੰਪੰਨ ਹਕੂਮਤ ਨਾਲ ਟੱਕਰ ਕਿਵੇਂ ਲੈ ਸਕਦਾ ਸੀ, ਇਸ ਲਈ ਸਤਿਗੁਰੂ ਜੀ ਨੇ ਆਪਣਾ ਸੁਤੰਤਰਤਾ ਸੰਗਰਾਮ ਆਰੰਭਣ ਦੇ ਨਾਲ ਹੀ ਸਿੱਖ ਸਮਾਜ ਦੀ ਆਚਰਣਿਕ ਉੱਨਤੀ ਦੀ ਮੁਹਿੰਮ ਵੀ ਵਿੱਢ ਦਿੱਤੀ।

ਪ੍ਰਸਿੱਧ ਸਿੱਖ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਸਤਿਗੁਰੂ ਰਾਮ ਸਿੰਘ ਜੀ ਦੇ ਇਸ ਪਵਿੱਤਰ ਮਿਸ਼ਨ ਦੇ ਪਿੱਛੇ ਕਾਰਜਸ਼ੀਲ ਦੈਵੀ ਸ਼ਕਤੀਆਂ ਵੱਲ ਇਸ਼ਾਰਾ ਕਰਦੇ ਹੋਏ ਆਪਣੇ ਢੰਗ ਨਾਲ ਲਿਖਦੇ ਹਨ-

"ਪਾਇ ਏਹ ਹੁਕਮ ਪ੍ਰਮੇਸ ਦਾ ਬਿਸੇਸ ਫਿਰ,
ਰਾਮ ਮਿਰਗੇਸ ਉਪਦੇਸ ਦੈਨ ਲਾਗਿਓ।
ਹੁਕੇ ਛੁਡਵਾਏ ਰਖਵਾਏ ਕੇਸ ਮੇਨਯੋਂ ਕੋ,
ਸੁਧਾ ਛਕਿ ਥਾਏ ਸਿੱਖ ਭਾਗ ਜਿਨੈ ਜਾਗਿਓ।
ਫੈਲਯੋ ਜਸ ਭਾਰੀ ਸਿੱਖ ਥੀਏ ਤਾਂਹਿ ਕੇ ਅਪਾਰੀ,
ਸਿੰਘ ਪੰਥ ਬਿਰਧਾਇਓ ਨਾਮ ਰਸੁ ਪਾਗਿਓ।
ਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਜਾਰੀ,
ਠੱਗੀ ਤਜਿ ਥੀਏ ਸੰਤ ਸਤਿਜੁਗ ਆ ਗਿਓ।"[1]

ਜਦੋਂ ਸਤਿਗੁਰੂ ਜੀ ਨੇ ਇਸ ਕਾਰਜ ਲਈ ਪਰਚਾਰ ਦੌਰੇ ਸਾਰੇ ਪੰਜਾਬ ਵਿੱਚ ਤੁਰ ਫਿਰ ਕੇ ਆਰੰਭ ਕੀਤੇ ਤਾਂ ਆਪ ਜੀ ਦੇ ਨੂਰਾਨੀ ਦਰਸ਼ਨਾਂ ਅਤੇ ਇਲਾਹੀ ਬਚਨ-ਅੰਮ੍ਰਿਤ ਪਾਨ ਵਾਸਤੇ, ਵੱਡੀ ਗਿਣਤੀ ਵਿੱਚ ਮਰਜੀਵੜੇ ਪਾਲਾਂ ਬੰਨ੍ਹ-ਬੰਨ੍ਹ ਕੇ ਆਉਣ ਲੱਗ ਪਏ। ਆਪ ਜੀ ਦੀ ਸਮਾਜਿਕ, ਨੈਤਿਕ, ਧਾਰਮਿਕ, ਰਾਜਨੀਤਿਕ ਅਤੇ ਆਤਮਿਕ ਸਿੱਖਿਆ ਦਾ ਸਾਰ ਇਤਨਾ ਉੱਤਮ ਸੀ ਕਿ ਇਸਨੂੰ ਗ੍ਰਹਿਣ ਕਰਨ ਵਾਲਾ, ਰਾਖਸ਼ ਬਿਰਤੀ ਪੁਰਖ ਵੀ ਦੇਵ ਬਿਰਤੀ ਧਾਰਨ ਕਰ ਜਾਂਦਾ ਸੀ। ਵਿਸ਼ੇ ਵਿਕਾਰਾਂ ਦੀ ਨੈਂ ਵਿੱਚ ਰੁੜ੍ਹਦਾ ਜਾਂਦਾ ਗਿਆ ਗੁਆਚਿਆ ਜਣਾ ਉੱਚ-ਆਤਮਿਕ ਜੀਵਨ ਦੀਆਂ ਉਡਾਣਾਂ ਭਰਨ ਲੱਗ ਪੈਂਦਾ ਸੀ। ਸਤਿਗੁਰੂ ਰਾਮ ਸਿੰਘ ਜੀ ਦੀ ਸਿੱਖਿਆ ਵਿੱਚ, ਮਾਸ-ਸ਼ਰਾਬ, ਝੂਠ-ਫਰੇਬ, ਛਲ-ਕਪਟ, ਚੋਰੀ-ਜਾਰੀ, ਲੁੱਟ-ਖੋਹ, ਠੱਗੀ- ਠੋਰੀ, ਅਣ ਕਮਾਈ ਦੌਲਤ ਦਾ ਤਿਆਗ ਸ਼ਾਮਲ ਸੀ। ਉਹਨਾਂ ਦੇ ਸਿੱਖ ਵੱਡੇ ਤੜਕੇ ਉੱਠਦੇ, ਇਸ਼ਨਾਨ ਪਾਣੀ ਕਰਨ ਬਾਅਦ, ਨਾਮ ਬਾਣੀ, ਕੀਰਤਨ ਕਰਦੇ, ਸੁਣਦੇ ਅਤੇ ਦਿਨੇ ਆਪਣਾ ਕਾਰ-ਵਿਹਾਰ ਕਰਕੇ ਰਾਤ ਨੂੰ ਫਿਰ ਧਰਮਸ਼ਾਲਾ ਵਿੱਚ ਕਥਾ ਕੀਰਤਨ ਲਈ ਜੁੜਦੇ। ਪਰਸ਼ਾਦਾ ਪਾਣੀ ਆਪ ਬਣਾਉਂਦੇ ਜਾਂ ਰਹਿਤ ਮਰਿਆਦਾ ਵਾਲੇ ਤੋਂ ਹੀ ਛਕਦੇ। ਚਿੱਟੇ ਸਫੈਦ ਖੱਦਰ ਦਾ ਬਾਣਾ, ਸਿਰ ਤੇ ਸਿੱਧੀ ਚਿੱਟੀ ਪੱਗ, ਨਾਮਧਾਰੀਆਂ ਦੀ ਪਛਾਣ ਬਣ ਗਈ ਸੀ।

ਇਹ ਉਹੋ ਜਿਹਾ ਸਮਾਂ ਸੀ, ਜਿਸ ਵਿੱਚ ਪਿੰਡਾਂ ਦੇ ਪਿੰਡ ਅਤੇ ਤਪਿਆਂ ਦੇ ਤਪੇ, ਸਤਿਗੁਰੂ ਜੀ ਦੇ ਪਰਚਾਰ ਸਦਕਾ ਕੂਕੇ ਬਣ ਰਹੇ ਸਨ।[2] ਸੋ ਕੂਕਿਆਂ ਦੇ ਇਸ ਕਦਰ ਤੇਜ਼ੀ ਨਾਲ ਫੈਲਣ ਅਤੇ ਜਥੇਬੰਦ ਹੋ ਕੇ ਕੀਤੇ ਜਾ ਰਹੇ ਸਵਦੇਸ਼ੀ ਵਸਤਾਂ ਤੇ ਸਾਧਨਾਂ ਦੀ ਵਰਤੋਂ ਅਤੇ ਬਰਤਾਨਵੀ ਮਿੱਲਾਂ ਵਿੱਚ ਬਣੇ ਮਾਲ ਅਤੇ ਉਨ੍ਹਾਂ ਦੀਆਂ ਸਮੂਹ ਸੰਸਥਾਵਾਂ ਨਾਲ ਹਰ ਤਰ੍ਹਾਂ ਦੇ ਬਾਈਕਾਟ ਅਤੇ ਅਸਹਿਯੋਗ ਦੇ ਪਰਚਾਰ ਤੋਂ ਘਬਰਾ ਕੇ ਸਰਕਾਰ ਅੰਗਰੇਜ਼ੀ ਨੇ ਇਨ੍ਹਾਂ ਦੀ ਵਧਦੀ ਲੋਕਪ੍ਰਿਅਤਾ ਦਾ ਤੋੜ ਲੱਭਣ ਲਈ, ਸਿੱਖ ਤਖਤਾਂ ਅਤੇ ਗੁਰਧਾਮਾਂ ਤੇ ਬੈਠਾਏ ਉਨ੍ਹਾਂ ਦੇ ਹੱਥ ਠੋਕੇ ਪੁਜਾਰੀਆਂ ਨੂੰ ਕੂਕਿਆਂ ਵਿਰੁੱਧ ਭੰਡੀ ਪਰਚਾਰ ਦੀ ਕਮਾਨ ਸਉਂਪ ਦਿੱਤੀ। ਸਤਿਗੁਰੂ ਰਾਮ ਸਿੰਘ ਜੀ ਜਦੋਂ ਦਮਦਮਾ ਸਾਹਿਬ, ਸ੍ਰੀ ਮੁਕਤਸਰ ਸਾਹਿਬ, ਅਨੰਦਪੁਰ ਸਾਹਿਬ ਅਤੇ ਅੰਮ੍ਰਿਤਸਰ ਆਦਿ ਇਤਿਹਾਸਿਕ ਅਸਥਾਨਾਂ ਤੇ ਸ਼ਰਧਾ ਸਤਿਕਾਰ ਭੇਟ ਕਰਨ ਗਏ ਤਾਂ ਕੁਝ ਕੁ ਬਹਾਨੇ ਬਣਾ ਕੇ, ਉਨ੍ਹਾਂ ਦੀ ਭੇਟਾ ਪਰਵਾਨ ਕਰਕੇ ਅਰਦਾਸ ਨਾ ਕੀਤੀ। ਕਿਹਾ ਗਿਆ ਕਿ ਤੁਹਾਡੇ ਸਿੱਖ ਸ਼ਬਦ ਪੜ੍ਹਦੇ ਹੋਏ ਮਸਤਾਨੇ ਹੋ ਕੇ ਸਿਰੋਂ ਪੱਗ ਕਿਉਂ ਉਤਾਰਦੇ ਹਨ, ਤੁਸੀਂ ਨੀਲਾ ਬਾਣਾ ਕਿਉਂ ਨਹੀਂ ਪਾਉਂਦੇ, ਵਗੈਰਾ ਵਗੈਰਾ। ਸਤਿਗੁਰੂ ਜੀ ਨੇ ਕਿਹਾ ਕਿ ਇਹ ਸਿੰਘ ਸ਼ਬਦ ਦੀ ਮਸਤੀ ਵਿੱਚ ਖੂਹ ਵਿੱਚ ਜਾਂ ਬਲਦੀ ਅੱਗ ਵਿੱਚ ਵੀ ਛਾਲ ਮਾਰ ਦਿੰਦੇ ਹਨ। ਜਿਹਨਾਂ ਨੂੰ ਜਾਨ ਹੀ ਪਿਆਰੀ ਨਹੀਂ, ਉਨ੍ਹਾਂ ਤੇ ਸ਼ਰ੍ਹਾ ਕਿਹੜੀ ਲਾਗੂ ਕਰੀਏ। ਇਸ ਤਰ੍ਹਾਂ ਸਰਕਾਰੀ ਹੱਥ ਠੋਕਿਆਂ ਨੇ ਕੂਕਿਆਂ ਖਿਲਾਫ ਫਤਵੇ ਵੀ ਜਾਰੀ ਕਰ ਦਿੱਤੇ ਕਿ ਇਹ ਸਿੱਖ ਨਹੀਂ। ਇਹ ਵੀ ਕੂੜ ਤੁਫਾਨ ਬੋਲਿਆ ਕਿ ਗੁਰਮੰਤਰ ਦੇਣ ਦੇ ਬਹਾਨੇ ਕੂਕੇ ਕੰਨ ਵਿੱਚ ਮੁਸਲਮਾਨੀ ਕਲਾਮ ਦੱਸਦੇ ਹਨ, ਜਿਸ ਦਾ ਖੰਡਨ ਗਿਆਨੀ ਗਿਆਨ ਸਿੰਘ ਜੀ ਆਪਣੀ ਨਿਜੀ ਅਗਵਾਹੀ ਦੁਆਰਾ ਕਰਦੇ ਹਨ।[3] ਪਰ ਪਿੰਡਾਂ ਸ਼ਹਿਰਾਂ ਦੇ ਕੁਝ ਤਬਕਿਆਂ, ਭੋਲੇ ਭਾਲੇ ਸਾਧਾਰਨ ਲੋਕਾਂ ਵਿੱਚ ਪੁਜਾਰੀਆਂ ਦੇ ਇਸ ਭੰਡੀ ਪਰਚਾਰ ਦਾ ਕੁਝ ਅਸਰ ਹੋਇਆ ਵੀ ਸੀ।

ਇਹੋ ਜਿਹੇ ਕੂਕਾ ਵਿਰੋਧੀ ਪਰਚਾਰ ਦਾ ਕਾਇਲ ਜ਼ਿਲ੍ਹਾ ਅੰਮ੍ਰਿਤਸਰ ਦੇ ਗੁਰੂ ਕਾ ਬਾਗ-ਘੁੱਕੇ ਵਾਲੀ ਦੇ ਨਜ਼ਦੀਕ ਪਿੰਡ ਖਤਰਾਇ ਖੁਰਦ ਦੇ ਨਿਵਾਸੀ ਬਾਠ ਗੋਤ ਦੇ ਸ੍ਰ. ਹਿੰਮਤ ਸਿੰਘ ਦਾ ਪਰਿਵਾਰ ਵੀ ਹੋ ਚੁੱਕਿਆ ਸੀ। ਹਿੰਮਤ ਸਿੰਘ ਖੁੱਲ੍ਹੀ ਜ਼ਮੀਨ ਦਾ ਮਾਲਕ ਸੀ ਅਤੇ ਫਿਰ ਉਹ ਸਮਾਂ ਅੱਜ ਕੱਲ੍ਹ ਦੀ 'ਇਕਿਹਰੇ ਪਰਿਵਾਰ' (ਸਿੰਗਲ ਫੈਮਿਲੀ) ਦੀ ਰੀਤੀ ਵਰਗਾ ਨਹੀਂ ਸੀ।ਉਹਨਾਂ ਦੇ ਘਰ ਛੇ ਪੁੱਤਰ ਹੋਏ-ਖੁਸ਼ਹਾਲ ਸਿੰਘ, ਗੰਡਾ ਸਿੰਘ, ਪਰਤਾਪ ਸਿੰਘ, ਦੇਵਾ ਸਿੰਘ, ਬੂਟਾ ਸਿੰਘ ਤੇ ਜਵਾਲਾ ਸਿੰਘ। ਹਿੰਮਤ ਸਿੰਘ ਵੇਲੇ ਦੇ ਰਿਵਾਜ ਮੁਤਾਬਿਕ ਆਪ ਵੀ ਡਾਂਗ ਸੋਟਾ ਵਾਹੁਣ ਵਿੱਚ ਪੂਰਾ ਮਾਹਿਰ ਸੀ ਅਤੇ ਉਸਨੇ ਆਪਣੇ ਛਿਆਂ ਪੁੱਤਰਾਂ ਨੂੰ ਵੀ ਬਚਪਨ ਤੋਂ ਹੀ ਡੰਡਿਆਂ ਸੋਟਿਆਂ ਨਾਲ ਹੀ ਖੇਡਣ ਦੀ ਜਾਚ ਦੱਸੀ ਸੀ। ਜਦੋਂ ਛੀਏ ਪੁੱਤਰ ਪੂਰੇ ਗੱਭਰੂ, ਚੋਬਰ ਨਿਕਲ ਆਏ ਤਾਂ ਉਸਨੇ ਇੱਕ ਨਿਵੇਕਲੀ ਖੇਡ ਆਰੰਭ ਦਿੱਤੀ। ਮਾਲ ਡੰਗਰ ਜੱਟਾਂ ਦੇ ਵਿਹੜਿਆਂ, ਖੁਰਲੀਆਂ ਦਾ ਸ਼ਿੰਗਾਰ ਹੋਇਆ ਕਰਦਾ ਸੀ। ਲਵੇਰੀਆਂ ਮੱਝਾਂ, ਗਾਈਆਂ, ਦੁੱਧ ਦੀਆਂ ਬਾਲਟੀਆਂ ਭਰ ਦਿੰਦੀਆਂ। ਚਾਟੀਆਂ ਵਿੱਚ ਮਧਾਣੀ ਪਾ ਪਾ ਕੇ ਪੁੱਤਰਾਂ ਦੀ ਮਾਤਾ ਰਿੜਕ ਰਿੜਕ ਕੇ ਮੱਖਣ ਕੱਢ ਕੱਢ ਚਟੂਰੇ ਭਰ ਲੈਂਦੀ। ਫਿਰ ਇਸਨੂੰ ਤਾਅ ਕੇ ਘਿਉ ਦੀਆਂ ਚਾਟੀਆਂ ਭਰ ਲਈਆਂ ਜਾਂਦੀਆਂ। ਹਿੰਮਤ ਸਿੰਘ ਵਿਹੜੇ ਦੇ ਦਰਮਿਆਨ, ਘਿਉ ਦਾ ਭਰਿਆ ਘੜਾ ਰੱਖ ਦਿੰਦਾ। ਛੇਆਂ ਹੀ ਪੁੱਤਰਾਂ ਨੂੰ ਤੇਲ ਨਾਲ ਲਿਸ਼ਕਦੀਆਂ ਡਾਂਗਾਂ ਹੱਥ ਵਿੱਚ ਫੜਾ ਕੇ ਕਹਿੰਦਾ ਕਿ ਹੁਣ ਤੁਸੀਂ ਆਪੋ ਵਿੱਚ ਜੁੱਟ ਜਾਓ। ਜਿਹੜਾ ਡਾਗਾਂ ਮਾਰ ਮਾਰ ਕੇ ਬਾਕੀ ਪੰਜਾਂ ਨੂੰ ਧਰਤੀ ਤੇ ਲਿਟਾ ਦਵੇਗਾ ਜਾਂ ਮੈਦਾਨੋਂ ਭਜਾ ਦੇਵੇਗਾ, ਉਹ ਇਹ ਸਾਰਾ ਘਿਉ ਦਾ ਘੜਾ ਚੁੱਕ ਸੱਕਦਾ ਹੈ ਅਤੇ ਫਿਰ ਇਹ ਘਿਉ ਉਸੇ ਨੇ ਹੀ ਛਕਣਾ ਹੋਏਗਾ। ਜਦੋਂ ਉਹਦੇ ਪੁੱਤਰ ਰੋਜ਼ ਆਪੋ ਵਿੱਚ ਡਾਗਾਂ ਨਾਲ ਲੜਨ ਲੱਗਦੇ ਤਾਂ ਉਹ ਲਲਕਾਰਿਆ ਕਰਦਾ ਸੀ ਕਿ ਜੋ ਕਿਸੇ ਨੇ ਪੋਲੇ ਹੱਥਾਂ ਨਾਲ ਹੌਲਾ ਸੋਟਾ ਮਾਰਿਆ ਤਾਂ ਉਹਦੀਆਂ ਮੌਰਾਂ ਮੈਂ ਘੜਾਂਗਾ। ਇਸ ਤਰੀਕੇ ਨਾਲ ਇਹ ਛੀਏ ਖਤਰਾਈਏ ਭਰਾ ਤਕੜੇ ਡਾਂਗ ਬਹਾਦਰ ਬਣ ਗਏ, ਸਗੋਂ ਇੱਕ ਦੂਜੇ ਦੇ ਸਿਰ ਪਾੜਨ, ਲੱਤਾਂ ਬਾਹਵਾਂ ਭੰਨਣ ਸਦਕਾ, ਉਨ੍ਹਾਂ ਲਈ ਸੱਟ ਫੇਟ ਜਾਂ ਲੜਾਈ ਝਗੜਾ ਤਾਂ ਰੋਜ਼ ਦਾ ਇੱਕ ਸ਼ੁਗਲ ਮੇਲਾ ਹੀ ਬਣ ਗਿਆ ਸੀ। ਖੁੱਲ੍ਹਾ ਖਾਣ ਪੀਣ, ਉੱਪਰੋਂ ਪਿਉ ਦੀ ਹੱਲਾ-ਸ਼ੇਰੀ ਕਿ ਮੇਰੇ ਮੁੰਡੇ ਜਿੱਥੇ ਵੀ ਜਾ ਕੇ ਭਿੜਨ, ਕੁੱਟ ਖਾ ਕੇ ਨਾ ਆਉਣ, ਸਗੋਂ ਮੁਕਾਬਲੇ ਵਿੱਚ ਆਇਆਂ ਦੀ ਗਿੱਦੜ-ਕੁੱਟ ਕਰ ਕੇ ਆਂਉਣ। ਖੇਤੀਬਾੜੀ ਦਾ ਕੰਮ ਵੀ ਜ਼ੋਰ ਵਾਲਾ ਹੁੰਦਾ ਸੀ।

'ਹਲ ਵਾਹ ਪੱਠਿਆਂ ਨੂੰ ਜਾਣਾ, ਜੱਟਾ ਤੇਰੀ ਜੂਨ ਬੁਰੀ।'

ਤੇ ਪੱਠਿਆਂ ਦੀਆਂ ਪੰਡਾਂ ਤਿੰਨ ਤਿੰਨ ਮਣਾਂ ਤੋਂ ਘੱਟ ਨਹੀਂ ਸੀ ਹੁੰਦੀਆਂ। ਤੇ ਹਿੰਮਤ ਸਿੰਘ ਚਾਹੁੰਦਾ ਸੀ ਕਿ ਉਹਦਾ ਕੋਈ ਪੁੱਤਰ ਪੰਡ ਚੁਕਾਉਣ ਲਈ ਕਿਸੇ ਨੂੰ ਵਾਜ ਨਾ ਮਾਰੇ, ਸਗੋਂ ਇੱਕੋ ਝਟਕੇ ਪੰਡ ਦਾ ਬਾਲਾ ਕੱਢ ਕੇ ਆਪਣੇ ਸਿਰ ਤੇ ਰੱਖ ਲਵੇ। ਖੁੱਲ੍ਹੇ ਦੁੱਧ ਘਿਉ ਦੀ ਵਰਤੋਂ ਨਾਲ ਹਿੰਮਤ ਸਿੰਘ ਦੇ ਪੁੱਤਰ, ਉਸ ਦੇ ਸੁਪਨਿਆਂ ਵਿੱਚ ਰੰਗ ਭਰਨ ਦੇ ਸਮਰੱਥ ਹੋ ਕੇ, ਡਾਂਗ ਸੋਟਾ ਵਰਤਣ ਦੀ ਆਪਣੀ ਕਲਾ ਸਦਕਾ, ਬਾਹਰੇ

ਵਿੱਚ ਹੁਣ ਮਸ਼ਹੂਰੀਆਂ ਖੱਟਣ ਲੱਗ ਪਏ ਸਨ। ਸ੍ਰੀ ਦਸਮ ਗੁਰੂ ਗਰੰਥ ਸਾਹਿਬ ਵਿੱਚ ਦਰਜ ਹੈ-

'ਏਕ ਮਦੀ ਦੂਜੈ ਤਰੁਨ ਤੀਜੇ ਅਤਿ ਧਨ ਧਾਮ॥
ਪਾਪ ਕਰੇ ਬਿਨ ਕਿਉਂ ਬਚੈ ਬਚੈ ਬਚਾਵੈ ਰਾਮ॥..

ਖੇਤੀਬਾੜੀ ਤੋਂ ਵਿਹਲਾ ਸਮਾਂ, ਘਰ ਵਿੱਚ ਰਹਿਣਾ ਤਾਂ ਸ਼ਰਾਬ ਦੀਆਂ ਭੱਠੀਆਂ ਤਾਈਂ ਰੱਖਣੀਆਂ। ਪੁਲੀਸ ਕਰਮਚਾਰੀਆਂ ਦੀ ਮੁੱਠੀ ਗਰਮ ਰੱਖਣੀ ਤਾਂ ਜੁ ਉਹ ਛਾਪੇ ਦੇ ਸਮੇਂ ਪਹਿਲੋਂ ਹੀ ਸੂਚਿਤ ਕਰ ਦੇਣ। ਮਾਝੇ ਵਿੱਚੋਂ ਪਸ਼ੂ ਚੁਰਾ ਕੇ ਦੁਆਬੇ ਵਿੱਚ ਦੇ ਆਉਣੇ ਅਤੇ ਦੁਆਬੇ ਵਿੱਚੋਂ ਲਿਆ ਕੇ ਮਾਝੇ ਦੇ ਰੱਸਾ ਗੀਰਾਂ ਨੂੰ ਜਾ ਦੇਣੇ। ਆਪ ਵੀ ਉਹ ਚੋਰੀ ਧਾੜਿਆਂ ਦਾ ਮਾਲ ਸਮੇਟਣ ਵਾਲੇ ਰੱਸਾਗੀਰ ਬਣ ਚੁੱਕੇ ਸਨ। ਲੁੱਟਾਂ ਖੋਹਾਂ ਹੁਣ ਉਨ੍ਹਾਂ ਦਾ ਪੇਸ਼ਾ ਵੀ ਸੀ ਤੇ ਸ਼ੁਗਲ ਵੀ। ਆਲੇ ਦੁਆਲੇ ਦੇ ਸ਼ਰੀਫ ਲੋਕਾਂ ਦਾ ਜੀਣਾ ਮੁਹਾਲ ਕਰ ਦਿੱਤਾ ਸੀ। ਉਹ ਸੋਚਦੇ ਸਨ ਕਿ ਹਿੰਮਤ ਸਿੰਘ ਦੇ ਪੁੱਤਰਾਂ ਨੂੰ ਕਹੀ ਅੰਤਰ ਮਿੱਟੀ ਚੜ੍ਹੀ ਹੋਈ ਹੈ, ਜੋ ਕਲ-ਕਲੇਸ਼ ਤੋਂ ਬਿਨਾਂ ਹੋਰ ਕੁਝ ਸੋਚਦੇ ਹੀ ਨਹੀਂ ਹਨ।ਦੂਰ ਦੂਰ ਤੱਕ ਸੰਨ੍ਹਾਂ ਲਾਉਂਦੇ, ਡਾਕੇ ਮਾਰਦੇ। ਆਮ ਲੋਕਾਂ ਨੂੰ ਜੇ ਉਹਨਾਂ ਖਿਲਾਫ ਕਿਸੇ ਪੁਲੀਸ ਕਾਰਵਾਈ ਲਈ ਪੀੜਿਤ ਵਿਅਕਤੀ ਨੇ ਆਖਣਾ ਤਾਂ ਲੋਕਾਂ ਕਹਿਣਾ ਕਿ ਪੁਲੀਸ ਕਿਹੜੀ? ਪੁਲੀਸ ਜਿਹੜੀ ਖਤਰਾਈਆਂ ਦੀਆਂ ਸ਼ਰਾਬ ਕੱਢਣ ਵਾਲੀਆਂ ਭੱਠੀਆਂ ਹੇਠ ਅੱਗ ਬਾਲਣ ਲਈ ਬਾਲਣ ਡਾਹੁੰਦੀ ਵੇਖੀ ਜਾ ਸਕਦੀ ਹੈ। ਇਸ ਤਰ੍ਹਾਂ ਇਸ ਵਿਹੜੇ ਵਿੱਚ ਮੁਰਗਿਆਂ ਦੀਆਂ ਧੌਣਾਂ ਮਰੋੜੀਆਂ ਜਾਂਦੀਆਂ, ਬੱਕਰਿਆਂ ਦੀਆਂ ਸਿਰੀਆਂ ਉਡਾਈਆਂ ਜਾਂਦੀਆਂ। ਇਸ ਖਾਉ ਪੀਉ ਤੇ ਖੋਹਾ ਮਸਤੀ ਨੂੰ ਹੀ ਜੀਵਨ ਦਾ ਮਕਸਦ ਸਮਝ ਕੇ, ਹਿੰਮਤ ਸਿੰਘ ਦੇ ਪੁੱਤਰਾਂ ਦੀ ਜੀਵਨ ਖੇਡ ਛੱਟੇ ਫੂਕੇ ਬਦਮਾਸ਼ਾਂ ਵਾਲੀ ਮੁਹਾਰਨੀ ਦੀ ਪੜ੍ਹਤ ਤੇ ਲੱਗ ਗਈ। ਨੇਕੀ, ਸ਼ਰਾਫਤ, ਇਮਾਨਦਾਰੀ, ਸਾਊਪੁਣਾ ਉਨ੍ਹਾਂ ਪਾਸੋਂ ਖੰਭ ਲਾ ਕੇ ਉੱਡ ਗਿਆ।ਆਮ ਲੋਕ ਅਜਿਹੇ ਗਏ ਗੁਜ਼ਰਿਆਂ ਦਾ ਨਾਮ ਵੀ ਆਪਣੀ ਜੀਭ ਤੇ ਲਿਆਉਣ ਤੋਂ ਸੰਕੋਚ ਕਰਨ ਲੱਗ ਪਏ। ਪਰ ਇਲਾਕੇ ਦੇ ਬਦਮਾਸ਼ ਅਤੇ ਚੋਰੀ-ਚਕਾਰੀ, ਮਾਰ-ਧਾੜ ਦੀ ਰੁਚੀ ਵਾਲੇ ਹੋਰ ਪੇਸ਼ਾਵਰ ਲੋਕ, ਹਿੰਮਤ ਸਿੰਘ ਦੇ ਇਸ ਘਰ-ਦੁਆਰ ਦਾ ਸਜਦਾ ਕਰਨ ਅਕਸਰ ਤੁਰੇ ਹੀ ਰਹਿੰਦੇ ਸਨ। ਇਹਨਾਂ ਲੋਕਾਂ ਦੇ ਇਕਠਾਂ ਵਿੱਚ ਖਤਰਾਈਏ ਭਰਾ ਆਪਣੀਆਂ ਕਰਤੂਤਾਂ ਨੂੰ ਵਧਾ-ਚੜ੍ਹਾਅ ਕੇ ਪੇਸ਼ ਕਰਿਆ ਕਰਦੇ ਸਨ ਕਿ ਕਿਵੇਂ ਲੁਕਾਈ ਉਨ੍ਹਾਂ ਤੋਂ ਥਰ ਥਰ ਕੰਬਦੀ ਸੀ।

ਇੱਕ ਦਿਨ ਸ਼ਾਮ ਦੇ ਸਮੇਂ ਇਹ ਸਾਰੀ ਭੂਤ-ਮੰਡਲੀ ਵਿਹੜੇ ਵਿੱਚ ਧੂਣੀ ਬਾਲ ਕੇ, ਸ਼ਰਾਬ ਦੇ ਨਸ਼ੇ ਵਿੱਚ ਗੁੱਟ ਹੋ ਕੇ ਬੈਠੀ ਹੋਈ ਸੀ। ਪੰਜ ਭਰਾ ਅਤੇ ਕੁਝ ਹੋਰ ਉਹਨਾਂ ਦੇ ਹਮਜੋਲੀ, ਹਮ-ਪਿਆਲਾ ਵੀ ਸੱਜਿਓਂ ਖੱਬਿਓਂ ਆ ਕੇ ਸ਼ੇਖੀਆਂ ਮਾਰ ਰਹੇ ਸਨ। ਆਪੋ ਆਪਣੇ ਕਾਲੇ ਕਾਰਨਾਮਿਆਂ ਨੂੰ ਵਡਿਆ-ਵਡਿਆ ਕੇ ਬਖਾਨ ਰਹੇ ਸਨ। ਤਦੋਂ ਕੁ ਜਹੇ ਉਹਨਾਂ ਦਾ ਇੱਕ ਭਾਈ ਦੇਵਾ ਸਿੰਘ, ਜੋ ਆਸੇ ਪਾਸੇ ਦੇ ਕਿਸੇ ਪਿੰਡ ਵਿੱਚ ਗਿਆ ਹੋਇਆ ਸੀ, ਵਾਪਸ ਪਰਤਿਆ।ਇਸ ਨੇ ਬੈਠਣ ਸਾਰ ਹੀ ਆਲੇ ਦੁਆਲੇ ਵਾਲਿਆਂ ਵੱਲ ਭੇਤ ਭਰੇ ਢੰਗ ਨਾਲ ਵਿੰਹਦਿਆਂ, ਇੱਕ ਖਾਸ ਖਬਰ ਸੁਨਾਉਣ ਦੀ ਪੇਸ਼ਕਸ਼ ਕੀਤੀ। ਸਾਰਿਆਂ ਦੇ ਕੰਨ ਦੇਵਾ ਸਿੰਘ ਵੱਲ ਹੋ ਗਏ ਕਿ ਉਹ ਸੂਚਨਾ ਜਿਹੜੀ ਲਿਆਇਆ ਹੈ, ਛੇਤੀ ਸੁਣ ਲਈਏ। ਸਭਨਾਂ ਦਾ ਧਿਆਨ ਖਿੱਚਦਿਆਂ ਦੇਵਾ ਸਿੰਘ ਨੇ ਦੱਸਿਆ ਕਿ ਉਹ ਜਿਹੜਾ ਨਵਾਂ ਪੰਥ ਚੱਲਿਆ ਹੈ, ਜਿਸ ਨੂੰ ਕੂਕਾ ਜਾਂ ਨਾਮਧਾਰੀ ਆਖਦੇ ਹਨ, ਉਹਨਾਂ ਦਾ ਕੋਈ ਗੁਰੂ ਏ, ਇਕ ਰਾਮ ਸਿੰਘ ਤਰਖਾਣ, ਉਹ ਕੱਲ੍ਹ ਆਂਹਦੇ ਨੇ ਆਪਣੇ ਸਿੱਖਾਂ ਸੇਵਕਾਂ ਸਮੇਤ, 'ਗੁਰੂ ਕੇ ਬਾਗ' ਵਿੱਚ ਆ ਰਿਹਾ ਹੈ। ਇਹ ਖਬਰ ਸੁਣਦਿਆਂ ਹੀ ਉਹਨਾਂ ਦਾ ਇੱਕ ਭਰਾ ਪਰਤਾਪ ਸਿੰਘ ਉੱਛਲ ਪਿਆ, " ਵਾਹ, ਵਾਹ ਤਰਖਾਣ ਗੁਰੂ ! ਕੋਈ ਗੁਰੂ-ਸ਼ੁਰੂ ਨਹੀਂ ਸਾਡਾ ਜੇ ਸਾਡੇ ਇੱਥੇ ਹੁੰਦਿਆਂ ਇਹ ਨਵਾਂ ਢਕਵੰਜ ਸਾਡੇ ਗੁਆਂਢ ਵਿੱਚ ਹੀ ਗੁਰੂ ਬਣ ਬੈਠਾ ਤਾਂ ਅਸਾਂ ਫਿਰ ਹਿੰਮਤ ਸਿੰਘ ਦੇ ਘਰ ਕਾਹਦੇ ਲਈ ਜੰਮਣਾ ਸੀ।" ਦੇਵਾ ਸਿੰਘ ਫਿਰ ਕਹਿਣ ਲੱਗਾ, "ਲੋਕ ਆਖਦੇ ਸਨ, ਜਿੱਥੇ ਵੀ ਇਹ ਕੂਕਿਆਂ ਦਾ ਗੁਰੂ ਜਾਂਦਾ ਏ, ਓਥੋ ਹਜ਼ਾਰਾਂ ਲੋਕ ਜੁੜਦੇ ਨੇ। ਕੀਰਤਨ, ਦੀਵਾਨ ਲੱਗਦਾ ਹੈ। ਲੰਗਰ ਵਰਤਦੇ ਹਨ। ਬੜਾ ਮੇਲਾ ਬਣ ਜਾਂਦਾ ਏ।" "ਮੇਲਾ, ਸਾਡੇ ਹੁੰਦਿਆਂ ਕੋਈ ਸਾਡੇ ਆਲੇ-ਦੁਆਲੇ ਆ ਕੇ ਸਾਨੂੰ ਬਿਨਾਂ ਪੁੱਛਿਆਂ ਹੀ ਮੇਲੇ ਕਰ ਜਾਵੇ, ਫਿਰ ਅਸੀਂ ਕੀ ਹੋਏ ! ਕੋਈ ਮੇਲਾ-ਸ਼ੇਲਾ ਨਹੀਂ ਹੋ ਸਕਦਾ। ਸਾਡਾ ਗੁਰੂ ਤੇ ਗਰੰਥ ਸਾਹਿਬ ਹੈ। ਅਸੀਂ ਇਸ ਗੁਰੂ ਦੀ ਗੁਰਿਆਈ ਨਹੀਂ ਚੱਲਣ ਦੇਣੀ। ਤਿਆਰੀਆਂ ਵੱਟ ਲਉ ਸਵੇਰ ਦੇ ਟਾਕਰਿਆਂ ਦੀਆਂ।" ਇੱਕੋ ਸਾਹੇ ਕਿੰਨਾ ਕੁਝ, ਮੂੰਹ ਆਇਆ ਪਰਤਾਪ ਸਿੰਘ ਆਖੀ ਗਿਆ।ਜਾਪਦਾ ਸੀ ਜਿਵੇਂ ਉਹ ਆਪਣੇ ਆਪ ਨੂੰ ਕਿਸੇ ਛਿਪੇ ਹੋਏ ਵੱਡੇ ਮਨੋਰਥ ਲਈ ਤਿਆਰ ਕਰ ਰਿਹਾ ਸੀ।

ਰਾਤ ਦੀ ਇਸ ਜੁੰਡਲੀ ਦੀ ਇਸ ਕਾਰਵਾਈ ਵਿੱਚ ਸ਼ਾਮਲ ਕੁਝ ਟੁੱਕੜਬੋਚਾਂ ਦੁਆਰਾ ਇਹ ਗੱਲ ਆਲੇ-ਦੁਆਲੇ ਵੀ ਖਿੰਡ ਗਈ ਕਿ ਨਵੇਂ ਪੰਥ ਦੇ ਗੁਰੂ ਦਾ ਮੇਲਾ, ਹਿੰਮਤ ਸਿੰਘ ਖਤਰਾਈਏ ਦੇ ਪੁੱਤਰਾਂ ਨੇ ਉਜਾੜਨ ਦੀਆਂ ਸਹੁੰਆਂ ਖਾ ਲਈਆਂ ਨੇ।ਸੋ ਗੁਰੂ ਕੇ ਬਾਗ, ਘੁੱਕੇ ਵਾਲੀ ਦੇ ਆਸੇ ਪਾਸੇ ਦੇ ਪਿੰਡਾਂ ਵਿੱਚ ਅਗਲੇ ਦਿਨ ਦਾ ਸੂਰਜ ਚੜ੍ਹਦਿਆਂ ਹੀ ਇੱਕ ਭੇਦ ਭਰੀ ਜਗਿਆਸਾ ਤਾਰੀਆਂ ਲਾਉਂਦੀ ਨਜ਼ਰ ਆ ਰਹੀ

ਸੀ ਕਿ ਕੂਕਿਆਂ ਦੇ ਗੁਰੂ ਦਾ ਮੇਲਾ ਅਤੇ ਹਿੰਮਤ ਸਿੰਘ ਖਤਰਾਈਏ ਦੇ ਪੁੱਤਰਾਂ ਦਾ ਅੜਬਪੁਣਾ ਵੇਖੋ ਕੀ ਰੰਗ ਵਿਖਾਉਂਦਾ ਹੈ? ਇਸ ਸ਼ੱਕੋ-ਸ਼ੱਕੀ ਦੀ ਆਹਟ ਕਾਰਨ ਦੁਪਹਿਰ ਹੋਣ ਤੱਕ ਜਿੱਥੇ ਖਤਰਾਈਏ ਦਾਰੂ ਅਤੇ ਮਾਸ ਨਾਲ ਰੱਜ ਕੇ, ਧੂੰਹਵੇਂ ਚਾਦਰੇ ਬੰਨ੍ਹ ਕੇ ਸਿਰ ਤੇ ਸ਼ਮਲਿਆਂ ਵਾਲੀਆਂ ਪੱਗਾਂ, ਗਲਾਂ ਵਿੱਚ ਕੈਂਠੇ ਅਤੇ ਹੱਥਾਂ ਵਿੱਚ ਸ਼ਾਹ ਕਾਲੇ ਬਾਂਸਾਂ ਦੀਆਂ ਸੰਮਾਂ ਵਾਲੀਆਂ, ਕੋਕਿਆਂ ਜੜੀਆਂ ਡਾਗਾਂ ਖੂੰਡੇ ਲੈ ਕੇ ਗੁਰੂ ਬਾਗ ਨੂੰ ਵਹੀਰਾਂ ਘੱਤੀ ਤੁਰੇ ਆਉਂਦੇ ਸਨ, ਤਾਂ ਹੋਰ ਲੋਕ ਵੀ ਆਲੇ-ਦੁਆਲੇ ਜੁੜ ਗਏ।

ਅੱਜ ਜਦੋਂ ਇਹ ਜੁੰਡਲੀ ਗੁਰੂ ਕਾ ਬਾਗ ਵਿਖੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਸੁਸ਼ੋਭਿਤ ਦੀਵਾਨ ਅਸਥਾਨ ਵੱਲ ਵਧ ਰਹੀ ਸੀ ਤਾਂ ਆਪੋ ਵਿੱਚ ਇੱਕ ਦੂਜੇ ਨਾਲ ਇਸ ਤਰ੍ਹਾਂ ਦੀ ਘੁਸਰ- ਮੁਸਰ ਕਰੀ ਜਾਂਦੇ ਸਨ ਕਿ ਪਤਾ ਨਹੀਂ ਕੀ ਵਜ੍ਹਾ ਹੈ ਅੱਗੇ ਤਾਂ ਜਦੋਂ ਵੀ ਕਿਸੇ ਮੁਹਿੰਮ ਤੇ ਚੜ੍ਹਦੇ ਸਾਂ, ਇਸ ਤਰ੍ਹਾਂ ਘਾਊਂ-ਮਾਊਂ ਨਹੀਂ ਹੁੰਦਾ ਸੀ, ਪੈਰ ਇਸ ਤਰ੍ਹਾਂ ਅਗਾਂਹ ਨੂੰ ਪੁੱਟੀਏ ਤੇ ਪਿਛਾਂਹ ਨੂੰ ਨਹੀਂ ਜਾਂਦਾ ਸੀ। ਕੋਈ ਗੁੱਝਾ ਭੈਅ, ਕੋਈ ਝਿਜਕ, ਕਿਸੇ ਅਨਹੋਣੀ ਦੀ ਆਸ਼ੰਕਾ ਕਿਉਂ ਪਰੇਸ਼ਾਨ ਕਰ ਰਹੀ ਸੀ। ਆਂਹਦੇ ਨੇ ਇਹ ਗੁਰੂ ਬੜਾ ਕਰਾਮਾਤੀ ਏ ਪਰ ਅਸਾਂ ਤੇ ਕੋਈ ਕੂੜੀ ਕਰਾਮਾਤ ਨਹੀਂ ਵੇਖਣੀ। ਨਾਲੇ ਆਂਹਦੇ ਨੇ ਇਹ ਮਾਸ-ਸ਼ਰਾਬ, ਚੋਰੀ-ਜਾਰੀ ਛੁਡਾ ਦਿੰਦਾ ਹੈ। ਪਰ ਸਾਡੀ ਤੇ ਇਹ ਖੁਰਾਕ ਏ, ਸਾਡਾ ਤੇ ਇਹ ਕਸਬ ਏ, ਅਸੀਂ ਭਲਾ ਕਿਉਂ ਇਸ ਗੁਰੂ ਦੇ ਆਖੇ ਲੱਗਾਂਗੇ। ਚਲੋ ਆਪਣਾ ਦਾਬਾ-ਸ਼ਾਅਬਾ ਲਾਈਏ ਤਾਂ ਸਹੀ, ਖਬਰੇ ਉਹ ਸਾਡੀ ਚੜ੍ਹਤ ਵੇਖ ਕੇ ਆਪੇ ਪਾਸੇ ਹੋ ਜਾਏ ਤੇ ਸਾਡੀ ਬੱਲੇ ਬੱਲੇ ਹੋ ਜਾਏ। ਇਹਨਾਂ ਵਿਚਾਰਾਂ ਵਿੱਚ ਭਟਕਦਿਆਂ ਉਹ ਦੀਵਾਨ ਅਸਥਾਨ ਵੱਲ ਹੌਲੀ ਹੌਲੀ ਵਧਣ ਲੱਗੇ। ਉਹ ਇੱਕ ਦੂਜੇ ਵੱਲ ਭੇਦ ਭਰੀਆਂ ਨਜ਼ਰਾਂ ਨਾਲ ਵੇਖ ਰਹੇ ਸਨ ਅਤੇ ਕੋਈ ਵਾਪਸ ਨਾ ਮੁੜ ਜਾਏ। ਫਿਰ ਦਿਲ ਕਰੜਾ ਕਰਕੇ ਬੋਲੀਆਂ ਪਾਉਣ ਲੱਗੇ-

"ਕੂਕੇ ਬੜੇ ਕਸੂਤੇ, ਪਾਣੀ ਨਾ ਪੀਂਦੇ ਬੋਕੇ ਦਾ।"

"ਕੂਕਿਆਂ ਦਾ ਪੰਥ ਨਿਰਾਲਾ
ਗੋਡਿਆਂ ਤੀਕਰ ਕੱਛਾਂ ਲਮਕਦੀਆਂ,
ਗਿੱਟਿਆਂ ਤੀਕਰ ਨਾਲਾ।"

ਕਦੇ ਕਦੇ ਉਹ ਬੱਕਰੇ ਵੀ ਬੁਲਾਉਂਦੇ। ਖੌਰੂ ਵੀ ਪਾਉਂਦੇ ਪਰ ਅੰਦਰੋਂ ਬੁੱਝੇ-ਬੁੱਝੇ ਸਨ।

ਹੁਣ ਸਾਹਮਣੇ ਸੰਗਤ ਦਾ ਵਿਸ਼ਾਲ ਇਕੱਠ ਨਜ਼ਰ ਆ ਰਿਹਾ ਸੀ। ਇੱਕ ਗੋਲ ਦਾਇਰੇ ਵਿੱਚ ਸੰਗਤ ਸਜ ਰਹੀ ਸੀ। ਵਿਚਾਲੇ ਅਰਧ ਚੰਦਰਕਾਰ ਆਕ੍ਰਿਤੀ ਦੇ ਥੜ੍ਹੇ ਉੱਤੇ ਇੱਕ ਪਾਸੇ ਸਤਿਗੁਰੂ ਰਾਮ ਸਿੰਘ ਜੀ ਆਪਣੇ ਸੂਬਿਆਂ ਦੇ ਵਿਚਕਾਰ ਸਜ ਰਹੇ ਸਨ ਅਤੇ ਦੂਜੇ ਪਾਸੇ ਰਾਗੀ ਜਥਾ ਕੀਰਤਨ ਕਰ ਰਿਹਾ ਸੀ। ਸ਼ਬਦ ਦੀ ਦਿਲਾਂ ਨੂੰ ਧੂਹ ਪਾਉਣ ਵਾਲੀ ਧੁਨੀ ਗੂੰਜ ਰਹੀ ਸੀ:

"ਜਿਥੈ ਜਾਇ ਬਹੈ ਮੇਰਾ ਸਤਿਗੁਰੂ
ਸੋ ਥਾਨੁ ਸੁਹਾਵਾ ਰਾਮ ਰਾਜੇ।" (ਮ.੪-੪੫੦)

ਵੱਡੇ ਭਾਈ ਖੁਸ਼ਹਾਲ ਸਿੰਘ ਦਾ ਹਿਰਦਾ ਕੀਰਤਨ ਦੀਆਂ ਇਨ੍ਹਾਂ ਧੁਨੀਆਂ ਵਿੱਚੋਂ ਫੁਟਿਤ ਹੋ ਰਹੀਆਂ ਨੂਰੀ ਕਿਰਨਾਂ ਜਿਵੇਂ ਉਸ ਦੇ ਮਨ ਮਸਤਕ ਦੇ ਹਨੇਰੇ ਕੋਨਿਆਂ ਨੂੰ ਰੁਸ਼ਨਾਉਣ ਲੱਗ ਪਈਆਂ ਸਨ। ਉਸ ਨੇ ਆਪਣੇ ਭਰਾਵਾਂ ਨੂੰ ਖਬਰਦਾਰ ਕਰਦਿਆਂ ਹੋਇਆਂ ਉਨ੍ਹਾਂ ਨੂੰ ਕਿਸੇ ਵੀ ਹੋਛੀ ਹਰਕਤ ਨੂੰ ਅੰਜ਼ਾਮ ਦੇਣ ਤੋਂ ਗੁਰੇਜ਼ ਕਰਨ ਲਈ ਕਿਹਾ ਅਤੇ ਇਹ ਗੱਲ ਵੀ ਉਨ੍ਹਾਂ ਨਾਲ ਸਾਂਝੀ ਕੀਤੀ ਕਿ ਮੈਨੂੰ ਇਨ੍ਹਾਂ ਦੇ ਨਕਲੀ ਗੁਰੂਪੁਣੇ ਜਾਂ ਪਾਖੰਡ ਵਾਲੀ ਕੋਈ ਗੱਲ ਇੱਥੇ ਨਜ਼ਰ ਨਹੀਂ ਆਉਂਦੀ। ਮੈਨੂੰ ਤਾਂ ਇਸ ਗੁਰੂ ਦਾ ਸਤਿਜੁਗੀ ਦਰਬਾਰ ਭਾਸ ਰਿਹਾ ਹੈ। ਇਸ ਤੋਂ ਬਾਅਦ ਇਹ ਅੱਖੜ ਸੁਭਾਉ ਵਾਲੇ ਸਾਰੇ ਭਰਾ, ਜਿਨ੍ਹਾਂ ਤੋਂ ਪਿੱਛੇ ਪਿੱਛੇ ਹੋਰ ਹਜ਼ੂਮ ਵੀ ਪਾਲਾਂ ਬੰਨ੍ਹੀ ਖੜਾ, ਇਹ ਵੇਖਣ ਨੂੰ ਆਇਆ ਸੀ ਕਿ ਅੱਜ ਖਤਰਾਈਏ ਇੱਥੇ ਕੀ ਚੰਦ ਚਾੜਦੇ ਹਨ, ਹੁਣ ਇੱਕ ਸ਼ਾਂਤਗੀ ਦੇ ਮਾਹੌਲ ਵਿੱਚ ਵਿਚਰਦੇ ਵਿਚਰਦੇ, ਪਹਿਲਿਆਂ ਥਾਵਾਂ ਤੋਂ ਸਰਕਦੇ ਹੋਏ ਸੰਗਤ ਦੇ ਮਗਰਲੇ ਪਾਸੇ, ਜਿੱਧਰ ਨੂੰ ਥੜ੍ਹੇ ਵਾਲੀ ਸੰਗਤ ਦਾ ਮੂੰਹ ਸੀ, ਉੱਥੇ ਚੁੱਪ ਚਾਪ ਜਾ ਖਲੋਤੇ। ਕਈਆਂ ਨੇ ਆਪਣੀਆਂ ਠੋਡੀਆਂ ਮਲਕੜੇ ਹੀ ਆਪਣੇ ਖੂੰਡਿਆਂ ਤੇ ਟਿਕਾ ਲਈਆਂ ਅਤੇ ਟਿਕਟਿਕੀ ਲਾ ਕੇ ਦੀਵਾਨ ਅਸਥਾਨ ਦੇ ਕੇਂਦਰ ਵਿੱਚੋਂ ਉਗਮਦੀਆਂ ਪਰਕਾਸ਼ ਕਿਰਨਾਂ ਨੂੰ ਨਿਹਾਰਨ ਲੱਗ ਪਏ, ਉਨ੍ਹਾਂ ਦਾ ਨਿੱਘ ਮਾਨਣ ਲੱਗ ਪਏ। ਹੁਣ ਤੱਕ ਸੰਗਤ ਵਿੱਚ ਵੀ ਕੁਝ ਜ਼ਿੰਮੇਵਾਰ ਸਰੀਰਾਂ ਨੇ ਮੁਖੀ ਸੂਬਿਆਂ ਨੂੰ ਇਨ੍ਹਾਂ ਦੀ ਆਮਦ ਦੀ ਸੂਚਨਾ ਦੇ ਕੇ ਇਹ ਖਦਸ਼ਾ ਵੀ ਪ੍ਰਗਟ ਕੀਤਾ ਸੀ ਕਿ ਬੰਦੇ ਬੇਸੁਆਦੀ ਕਰਨ ਵਾਲੇ ਸੁਭਾਉ ਦੇ ਹਨ। ਪਰ ਸੂਬਾ ਜਵਾਹਰ ਸਿੰਘ ਜੀ ਨੇ ਉਨ੍ਹਾਂ ਸਿੰਘਾਂ ਨੂੰ ਇਹ ਕਹਿ ਕੇ ਸ਼ਾਂਤ ਕਰ ਦਿੱਤਾ ਕਿ ਮੈਨੂੰ ਤੇ ਮਾਲੂਮ ਹੁੰਦਾ ਹੈ ਕਿ ਇਨ੍ਹਾਂ ਰਾਕਸ਼ ਬੁੱਧੀ ਪੁਰਖਾਂ ਦਾ ਹੁਣ ਦੇਵਬੁੱਧੀ ਧਾਰਨ ਕਰਨ ਦਾ ਵਕਤ ਵੀ ਨੇੜੇ ਹੀ ਆ ਗਿਆ ਹੈ। ਚਿੰਤਾ ਨਾ ਕਰੋ, ਸਤਿਗੁਰੂ ਭਲੀ ਕਰਨਗੇ।

ਇਸ ਤੋਂ ਝੱਟ ਕੁ ਮਗਰੋਂ ਕੀਰਤਨ ਬੰਦ ਹੋ ਗਿਆ। ਸਾਰੀ ਸੰਗਤ ਵਿੱਚ ਖਾਮੋਸ਼ੀ ਛਾ ਗਈ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸੰਗਤ ਨੂੰ ਮੁਖਾਤਿਬ ਹੋ ਰਹੇ ਸਨ। ਆਪ ਦਾ ਫਰਮਾਨ ਸੀ- "ਪਿਆਰੇ ਖਾਲਸਾ, ਗੁਰੂ ਗੋਬਿੰਦ ਸਿੰਘ ਜੀ ਨੇ

ਤੈਨੂੰ ਕੁਲ ਦੁਨੀਆਂ ਤੋਂ ਉੱਚਾ ਤੇ ਨਿਆਰਾ ਬਣਾਇਆ ਹੈ। ਆਪਣਾ ਸਰਬੰਸ ਵਾਰ ਤੈਨੂੰ ਰਾਜ ਅਤੇ ਜੋਗ ਦੋਵੇਂ ਬਖਸ਼ੇ। ਪਰ ਅਫਸੋਸ! ਤੂੰ ਆਪਣਾ ਅਕੀਦਾ ਅਤੇ ਗੁਰੂ ਉਪਦੇਸ਼ਾਂ ਨੂੰ ਭੁੱਲ ਕੇ ਆਪਣਾ ਸਭ ਕੁਝ ਮਿੱਟੀ ਵਿੱਚ ਮਿਲਾ ਲਿਆ ਹੈ। ਕਦੀ ਆਪਣੇ ਇਤਿਹਾਸ ਨੂੰ ਵੇਖ ਅਤੇ ਸੋਚ ਕਿ ਤੂੰ ਕਿਨ੍ਹਾਂ ਅਣਖੀ ਜਰਨੈਲਾਂ ਦੀ ਔਲਾਦ ਹੈਂ। ਲੋਭ, ਫੁੱਟ, ਨਸ਼ੇ ਅਤੇ ਅਵੇਸਲੇਪਣ ਨੇ ਤੈਨੂੰ ਅੱਜ ਗੁਲਾਮ ਬਣਾ ਦਿੱਤਾ ਹੈ। ਜਿਸ ਦੀ ਮਾਂ ਗ਼ੈਰਾਂ ਦੇ ਅਧੀਨ ਹੋਵੇ ਉਸ ਜੁਆਨ ਨੂੰ ਭਲਾ ਦੁਨਿਆਵੀ ਐਸ਼ੋ-ਇਸ਼ਰਤਾਂ ਸੋਹੰਦੀਆਂ ਹਨ? ਜਾਗ ਅਤੇ ਆਪਣੇ ਵਿਰਸੇ ਦੀ ਸੰਭਾਲ ਕਰ, ਭਾਰਤ ਮਾਤਾ ਨੂੰ ਗੋਰੇ ਗ਼ੈਰਾਂ ਦੇ ਕਬਜ਼ੇ ਤੋਂ ਮੁਕਤ ਕਰਾ।"[4]

ਹੁਣ ਸਤਿਗੁਰੂ ਜੀ ਦੀ ਨਦਰਿ ਕਰਮ ਜਦ ਇਸ ਜੁੰਡਲੀ ਤੇ ਪਈ ਤਾਂ ਹਜ਼ੂਰ ਨੇ ਫਰਮਾਇਆ, "ਓ ਹਿੰਮਤ ਸਿੰਘ ਦੇ ਪੁੱਤਰੋ! ਜਵਾਲਾ ਸਿੰਘ, ਖੁਸ਼ਹਾਲ ਸਿੰਘ, ਦੇਵਾ ਸਿੰਘ, ਬੂਟਾ ਸਿੰਘ, ਸੰਤਾ ਸਿੰਘ ਤੇ ਪਰਤਾਪ ਸਿੰਘ ! ਸਾਵਧਾਨ ਹੋਵੋ। ਸਾਧ ਸੰਗਤ ਵਿੱਚ ਨਾ ਇਸ ਤਰ੍ਹਾਂ ਮੰਦ ਬਿਰਤੀ ਧਾਰ ਕੇ ਆਵੀਦਾ ਹੈ ਅਤੇ ਨਾ ਹੀ ਇਸ ਤਰ੍ਹਾਂ ਤਮਾਸ਼ਬੀਨਾਂ ਜਿਉਂ ਪਾਸੇ ਖਲੋ ਰਹੀਦਾ ਹੈ।ਆਉ, ਅੱਗੇ ਵਧੋ ਅਤੇ ਸੰਗਤ ਦਾ ਹਿੱਸਾ ਬਣੋ।" ਸਾਹਿਬਾਂ ਦੇ ਬਚਨਾਂ ਅਤੇ ਮੋਹ ਲੈਣ ਵਾਲੇ ਦਰਸ਼ਨਾਂ ਨੇ ਖਤਰਾਈਏ ਭਰਾਵਾਂ ਨੂੰ ਹੋਰ ਦੇ ਹੋਰ ਕਰ ਦਿੱਤਾ। ਸਤਿਗੁਰੂ ਜੀ ਦੇ ਬਚਨ ਕਾਹਦੇ ਸਨ, ਅਣੀਆਲੇ ਤੀਰ ਸਨ, ਜੋ ਹਿਰਦੇ ਵਿੱਚੋਂ ਆਰ ਪਾਰ ਹੋ ਗਏ।

ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨੁ ਜੁ ਏਕੁ॥
ਲਾਗਤ ਹੀ ਭੁਇ ਗਿਰਿ ਪਰਿਆ ਪਰਾ ਕਰੇਜੇ ਛੇਕੁ॥
(ਸਲੋਕ ਕਬੀਰ ਜੀ, ਅੰਗ ੧੩੭੪)

ਇਹਨਾਂ ਦੇ ਨਾਲ ਆਇਆ ਮੁਲਖੀਆ ਵੀ ਹੈਰਾਨ ਕਿ ਇਹ ਅੱਖੜ ਜੱਟ ਕੂਕਿਆਂ ਦੇ ਗੁਰੂ ਦਾ ਦਰਸ਼ਨ ਕਰਦਿਆਂ ਹੀ ਕਿਵੇਂ ਮੋਮ ਹੋ ਗਏ ਹਨ। ਡਾਗਾਂ ਇਨ੍ਹਾਂ ਦੇ ਹੱਥੋਂ ਜਾ ਪਈਆਂ। ਹੱਥ ਆਪ ਮੁਹਾਰੇ ਜੁੜ ਗਏ ਅਤੇ ਛੀਏ ਕਤਾਰ ਬੰਨ੍ਹ ਕੇ ਸਤਿਗੁਰੂ ਜੀ ਦੇ ਦਰਬਾਰ ਵਿੱਚ ਖਲੋਤੇ 'ਬਖਸ਼, ਬਖਸ਼' ਦੀ ਗੁਹਾਰ ਲਾਈ ਜਾਂਦੇ ਸਨ। ਜਾਂ ਕਦੇ ਕਦੇ ਪਸ਼ਚਾਤਾਪ ਵਜੋਂ ਹੌਕੇ-ਹਾਅਵੇ ਇਨ੍ਹਾਂ ਦੇ ਹਿਰਦਿਆਂ ਵਿੱਚੋਂ ਨਿਕਲ ਰਹੇ ਸਨ। ਸਤਿਗੁਰੂ ਜੀ ਨੇ ਇੱਕ ਸੂਬਾ ਜੀ ਨੂੰ ਇਸ਼ਾਰਾ ਕੀਤਾ। ਉਹਨਾਂ ਨੇ ਛੇਆਂ ਜਵਾਨਾਂ ਦੇ ਕੰਨਾਂ ਵਿੱਚ ਗੁਰਮੰਤਰ ਕੀ ਸੁਣਾਇਆ ਕਿ ਹੁਣ ਇਹ ਛੀਏ, ਲੋਟ-ਪੋਟ ਹੋ ਕੇ ਬੇਸੁੱਧ ਹੋ ਗਏ। ਮਾਨੋਂ ਉੱਚ ਆਤਮਿਕ ਮੰਡਲਾਂ ਦੀ ਸੈਰ ਵਿੱਚ ਨਿਕਲ ਗਏ ਹੋਣ। ਇਹਨਾਂ ਸਾਰਿਆਂ ਨੂੰ ਨੀਮ ਬੇਹੋਸ਼ੀ ਦੀ ਹਾਲਤ ਵਿੱਚ ਗੱਡਿਆਂ ਤੇ ਪਾ ਕੇ ਇਨ੍ਹਾਂ ਦੇ ਸਾਥੀਆਂ ਨੇ ਇਨ੍ਹਾਂ ਦੇ ਪਿੰਡ ਖਤਰਾਇ ਖੁਰਦ ਪੁਚਾ ਦਿੱਤਾ।ਘਰ ਵਾਲਿਆਂ ਨੇ ਵੇਖਣ ਸਾਰ ਸੋਚਿਆ ਕਿ ਅੱਜ ਤਾਂ ਸਾਰੇ ਹੀ ਸੱਟਾਂ ਫੇਟਾਂ ਖਾ ਕੇ ਆਏ ਹਨ। ਮਾਤਾ ਨੇ ਆਖਿਆ, "ਹਾਇ ! ਹਾਇ !! ਉਹ ਕਿਹੜੇ ਲੋਕ ਨੇ ਜਿਨ੍ਹਾਂ ਮੇਰੇ ਪੁੱਤਰਾਂ ਦੀ ਇਹ ਹਾਲਤ ਬਣਾਈ ਹੈ। ਪਰ ਜਦੋਂ ਉਨ੍ਹਾਂ ਸਾਰਿਆਂ ਦੇ ਸਰੀਰ ਟੋਹੇ ਤਾਂ ਸੱਟ ਫੇਟ ਕੋਈ ਨਹੀਂ ਸੀ। ਰਸਨਾ ਉਨ੍ਹਾਂ ਦੀ ਚੌਅੱਖਰੇ ਦੇ ਜਾਪ ਵਿੱਚ ਕਦੇ ਕਦੇ ਆਪ ਮੁਹਾਰੇ ਚੱਲ ਪੈਂਦੀ। ਅਗਲੇ ਭਲਕ ਹੋਸ਼ ਆਉਣ ਤੇ ਉਨ੍ਹਾਂ ਖੁੱਡਿਆਂ ਵਿੱਚ ਤਾੜੇ ਕੁੱਕੜ ਬਾਹਰ ਕੱਢ ਕੇ ਉਡਾ ਦਿੱਤੇ। ਬੱਕਰਿਆਂ ਦੀਆਂ ਰੱਸੀਆਂ ਵੱਢ ਕੇ ਉਨ੍ਹਾਂ ਨੂੰ ਮੁਕਤ ਕਰ ਦਿੱਤਾ। ਲਾਹਣ ਅਤੇ ਦਾਰੂ ਦੇ ਮੱਟ, ਘੜੇ ਸਭ ਭੰਨ ਸੁੱਟੇ। ਸਤਿਗੁਰੂ ਜੀ ਦੀ ਸਾਰੀ ਰਹਿਤ-ਬਹਿਤ ਧਾਰਨ ਕਰਕੇ ਪੁਰਾਣੇ ਸੰਗੀਆਂ ਤੋਂ ਛੁੱਟੀਆਂ ਲੈ ਕੇ, ਨਾਮਧਾਰੀ ਸੰਗਤ ਦਾ ਸਜੀਵ ਅੰਗ ਬਣ ਗਏ। ਹੁਣ ਚੋਰਾਂ ਯਾਰਾਂ ਦੇ ਆਉਣ ਵਾਲੇ ਵਿਹੜੇ ਵਿੱਚ ਢੋਲਕੀ ਛੈਣੇ ਖੜਕਦੇ ਤੇ ਸਾਧੂਆਂ ਦੇ ਡੇਰੇ ਲੱਗਦੇ ਸਨ। ਇਹ ਪਿੰਡ ਸਾਰਾ ਹੀ ਇਨ੍ਹਾਂ ਦੇ ਤੇਜ ਪ੍ਰਤਾਪ ਸਦਕਾ ਨਾਮਧਾਰੀ ਸਜ ਗਿਆ।

ਇਸ ਹਿਰਦੇ ਪਰਿਵਰਤਨ ਵਾਲੀ ਘਟਨਾ ਦਾ ਵਰਨਣ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਰੀਕਾਰਡ ਹੋਏ ਉਪਦੇਸ਼ਾਂ ਵਿੱਚ ਵੀ ਮਿਲਦਾ ਹੈ।

ਹਮ ਐਸੇ ਥੇ ਨੀਚ ਮਿਲੇ ਸੁਖ ਧੋਰਾ॥

"ਸਤਿਗੁਰੂ ਰਾਮ ਸਿੰਘ ਜੀ ਮਿਲਿਆ। ਕੀਤੀ ਕਿਰਪਾ। ਖਤਰਾਵਾਂ ਵਾਲੇ ਸਿੰਘ, ਚਾਰ ਭਰਾ- ਖੁਸ਼ਹਾਲ ਸਿੰਘ, ਪਰਤਾਪ ਸਿੰਘ, ਦੇਵਾ ਸਿੰਘ, ਬੂਟਾ ਸਿੰਘ। ਕੰਮ ਕੀ-ਸ਼ਰਾਬ ਪੀਣੀ, ਡਾਂਗਾਂ ਕੋਲ ਰੱਖਣੀਆਂ। ਜੁਆਨ ਬੜੇ ਤਕੜੇ ਸੀ। ਇਹੋ ਹੀ ਉਹਨਾਂ ਦਾ ਸ਼ੌਕ, ਬਈ ਜਿਹੜੇ ਮੇਲੇ ਜਾਣਾ, ਲੋਕਾਂ ਨੂੰ ਡਾਂਗਾਂ ਮਾਰ ਕੇ ਭਜਾਉਣਾ-ਸਾਡੇ ਨਾਲ ਦਾ ਡਾਂਗ ਬਹਾਦਰ ਕੋਈ ਨਹੀਂ। ਗੁਰੂ ਕਾ ਬਾਗ-ਘੁੱਕੇ ਵਾਲੀ, ਜਿੱਥੇ ਅਕਾਲੀਆਂ ਸਿੰਘਾਂ ਨੂੰ ਮਾਰ ਪਈ (ਗੁਰੂ ਕੇ ਬਾਗ ਦੇ ਮੋਰਚੇ ਸਮੇਂ 1922 ਈ.)-ਇੱਥੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਗਏ, ਦਿਵਾਨ ਲਾਇਆ। ਐਸ ਤਰ੍ਹਾਂ ਰਾਗੀਆਂ ਦੇ, ਐਸ ਕੌਣ ਆ ਕੇ ਖਲੋ ਗਏ-ਸ਼ਰਾਬਾਂ ਪੀਤੀਆਂ ਹੋਈਆਂ, ਮੂੰਹ ਬੱਧੇ ਹੋਏ ਤੇ ਬਗਲਾਂ 'ਚ ਸੋਟੇ ਦਿੱਤੇ ਹੋਏ। ਬਖਸ਼-ਦੀਵਾਨ ਨੰਦ ਨਾਲ ਜੀ ਕਹਿੰਦੇ ਹਨ-

'ਯਕ ਨਿਗਾਹ ਜਾਂ ਫਜ਼ਾਇਸ਼'

ਕਹਿੰਦੇ ਨੇ ਇੱਕ ਅੱਖ ਦੀ ਨਿਗਾਹ ਨੇ ਜਹਾਨ ਸਾਰੀ ਦਾ ਫੈਜ਼ ਮੈਨੂੰ ਪੁਚਾ ਦਿੱਤਾ।

ਬਸ ਬਵਦ ਦਰਕਰਿ ਮਾ

ਮੇਰੇ ਵਾਸਤੇ ਬਹੁਤ ਕੁਝ ਹੈ, ਇਹੋ ਹੀ ਦਰਕਾਰ। (ਸਤਿਗੁਰੂ ਰਾਮ ਸਿੰਘ ਜੀ) ਕਹਿੰਦੇ ਨੇ, "ਓ ਖੁਸ਼ਹਾਲ ਸਿਹਾਂ ! ਓ ਦੇਵਾ ਸਿਹਾਂ ! ! ਓ ਪਰਤਾਪ ਸਿਹਾਂ!!! ਬੱਸ ਭਾਈ, ਛੱਡੋ ਇਹ ਗੱਲ।" ਆਏ ਚਰਨੀਂ ਡਿੱਗੇ। ਆਂਹਦੇ-ਸਾਡੇ ਨਾ ਇਹਨੂੰ ਕੌਣ ਦੱਸ ਗਿਆ? ਡਿੱਗ ਪਏ ਚਰਨੀਂ। ਉਹ ਸਿੱਖ ਬਣਾਏ-ਬਾਬੇ ਖੁਸ਼ਹਾਲ ਸਿੰਘ ਹੁਰੀਂ ਸੂਬੇ ਸਤਿਗੁਰਾਂ ਦੇ ਰਹੇ, ਜਿਨ੍ਹਾਂ ਦੀ ਕਿਰਪਾ ਨਾਲ ਸੈਂਕੜੇ, ਹਜ਼ਾਰਾਂ ਹੋਰ ਸਿੱਖ ਬਣੇ।"[5]

ਸ੍ਰ. ਹਿੰਮਤ ਸਿੰਘ ਖਤਰਾਇ ਖੁਰਦ ਦੇ ਛਿਆਂ ਪੁੱਤਰਾਂ ਦਾ ਪ੍ਰਾਪਤ ਬੰਸਾਵਲੀਨਾਮਾ, ਸੰਤ ਨਿਸ਼ਾਨ ਸਿੰਘ ਕਥਾਵਾਚਕ ਹੋਰਾਂ ਦੀ ਲਿਖਤ ਮੁਤਾਬਿਕ ਹਵਾਲੇ ਤੇ ਟਿੱਪਣੀਆਂ ਵਿੱਚ ਦਿੱਤਾ ਜਾ ਇਹਾ ਹੈ।[6] ਹੁਣ ਇਹ ਪਰਿਵਾਰ ਨਾਮ ਬਾਣੀ ਨਾਲ ਜੁੜ ਗਿਆ। ਸੂਬਾ ਖੁਸ਼ਹਾਲ ਸਿੰਘ ਜੀ ਹਮੇਸ਼ਾ ਇੱਕ ਲਾਂਗਰੀ ਸਿੰਘ ਨਾਲ ਰੱਖ ਕੇ ਤਾਅ ਉਮਰ ਸੋਧ ਮਰਿਆਦਾ ਵਿੱਚ ਨਿਬਾਹੀ। ਸਤਿਗੁਰੂ ਹਰੀ ਸਿੰਘ ਜੀ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਕਈ ਦੌਰਿਆਂ ਸਮੇਂ ਇਸ ਘਰ ਵਿੱਚ ਹੀ ਉਤਾਰਾ ਹੁੰਦਾ ਰਿਹਾ। ਮਾਝੇ ਵਿੱਚ ਨਾਮਧਾਰੀ ਸਿੱਖੀ ਦੇ ਪਰਚਾਰ-ਪ੍ਰਸਾਰ ਵਿੱਚ ਇਸ ਖਤਰਾਈਏ ਪਰਿਵਾਰ ਦਾ ਵੱਡਾ ਯੋਗਦਾਨ ਰਿਹਾ। ਸੰਤ ਸਾਧੂ ਸਿੰਘ ਖਤਰਾਈਏ ਜਿਹੜੇ 11 ਅਕਤੂਬਰ 2024 ਨੂੰ ਸ੍ਰੀ ਭੈਣੀ ਸਾਹਿਬ ਰਹਿੰਦੇ ਹੋਏ ਅਕਾਲ ਚਲਾਣਾ ਕਰ ਗਏ ਸਨ, ਉਨ੍ਹਾਂ ਅਤੇ ਛੋਟੇ ਭਰਾ ਸ਼ੇਰ ਸਿੰਘ ਹੋਰਾਂ ਦੇ ਪਰਿਵਾਰ ਅਜੇ ਵੀ ਸ੍ਰੀ ਭੈਣੀ ਸਾਹਿਬ ਗੁਰੂ ਹੁਕਮ ਅਨੁਸਾਰ ਸੇਵਾ ਨਿਬਾਹ ਰਹੇ ਹਨ। ਸਾਧੂ ਸਿੰਘ ਤੇ ਉਹਨਾਂ ਦੇ ਪਿਤਾ ਸੰਤ ਸੋਹਣ ਸਿੰਘ ਵੀ ਸਾਰੀ ਉਮਰ ਗੁਰੂ ਘਰ ਦੀ ਸੇਵਾ ਦੇ ਲੇਖੇ ਲਾ ਗਏ ਸਨ। ਸੂਬਾ ਮੋਹਕਮ ਸਿੰਘ, ਜੋ ਖਤਰਾਈਏ ਪਰਿਵਾਰ ਦੇ ਉੱਘੇ ਰੁਕਨ ਹਨ, ਵੀ ਅੱਜ ਕੱਲ੍ਹ ਸ੍ਰੀ ਭੈਣੀ ਸਾਹਿਬ ਵਿਖੇ ਹੀ ਨਿਵਾਸ ਰੱਖ ਕੇ, ਆਪਣਾ ਕਾਰੋਬਾਰ ਅਤੇ ਪੰਥਕ ਸੇਵਾ ਵੀ ਨਿਬਾਹ ਰਹੇ ਹਨ।

ਸ੍ਰ. ਹਿੰਮਤ ਸਿੰਘ ਦੇ ਪੁੱਤਰ ਸੰਤ ਦੇਵਾ ਸਿੰਘ ਦਾ ਕੁਝ ਪਰਿਵਾਰ ਗੁਰਦੁਆਰਾ ਸ੍ਰੀ ਭੈਣੀ ਸਾਹਿਬ ਵਿੱਚ ਗੁਰੂ ਹਰੀ ਸਿੰਘ ਜੀ ਦੇ ਸਮੇਂ ਤੋਂ ਹੀ ਸੇਵਾ ਕਰਨ ਲਈ ਆ ਰਹੇ ਸਨ। ਤਾਰਾ ਸਿੰਘ ਗੁਰੂ ਕੇ ਘੋੜਿਆਂ ਦੀ ਸੇਵਾ ਕਰਦਾ ਸੀ। ਮੱਘਰ ਸਿੰਘ ਗੁਰਦੁਆਰੇ ਦੀ ਖੇਤੀਬਾੜੀ ਦੀ ਅਤੇ ਪਸ਼ੂਆਂ ਦੇ ਮਾਲ ਪੱਠੇ ਦੀ ਸੇਵਾ ਕਰਦਾ ਸੀ। ਭੈਣੀ ਸਾਹਿਬ ਦੇ ਇੱਕ ਜ਼ਿਮੀਂਦਾਰ ਭਾਨ ਸਿੰਘ ਦਾ ਕਹਿਣਾ ਸੀ ਕਿ ਖੂਹਾਂ ਤੇ ਖਾਣ ਜੋਗੀ ਕਣਕ ਬੀਜਣੀ ਜਾਂ ਬਰਾਨੀ ਕਣਕ ਛੋਲੇ ਹੁੰਦੇ ਸਨ। ਅਸੀਂ ਪਹਿਲਾਂ ਸਾਰੀ ਫਸਲ ਦਾ ਖਲਵਾੜੇ ਵਿੱਚ ਇੱਕ ਰਾਹ ਪਾ ਕੇ ਫਲ੍ਹੇ ਚਲਾਉਂਦੇ ਰਹਿੰਦੇ। ਜੇ ਮੀਂਹ ਪੈ ਜਾਵੇ ਤਾਂ ਸਾਰਾ ਗਾਹ ਭਿੱਜ ਜਾਂਦਾ। ਜਿਆਦਾ ਹੋਣ ਕਰਕੇ ਸੁੱਕਦਾ ਨਾ। ਉਹ ਕਿਹਾ ਕਰਦਾ ਸੀ ਕਿ ਇਹ ਜਾਚ ਮੱਘਰ ਸਿੰਘ ਨੇ ਦੱਸੀ ਕਿ ਥੋਹੜਾ- ਥੋਹੜਾ ਗਾਹ ਪਾਉ। ਉਹ ਗਹਿ ਜਾਏ, ਉਹਦੀ ਧੜ ਲਾ ਕੇ, ਫਿਰ ਦੂਜਾ ਗਾਹੋ। ਇਸ ਤਰ੍ਹਾਂ ਕੰਮ ਸੌਖਾ ਹੋ ਗਿਆ। ਮੱਘਰ ਸਿੰਘ ਵੀ ਆਪਣੇ ਪਿਤਾ ਦੇਵਾ ਸਿੰਘ ਹੋਰਾਂ ਦੇ ਬਾਅਦ ਨਾਮਧਾਰੀ ਸੰਗਤ ਵਿੱਚ ਹੀ ਪਰਵਾਨ ਚੜ੍ਹਿਆ ਸੀ।

ਇੱਕ ਸਮੇਂ ਮੱਘਰ ਸਿੰਘ, ਸ੍ਰੀ ਭੈਣੀ ਸਾਹਿਬ ਤੋਂ ਆਪਣੇ ਪੁੱਤਰ ਸੋਹਣ ਸਿੰਘ, ਜਿਸ ਦਾ ਜਨਮ 1900 ਈ. ਦਾ ਹੈ, ਸਮੇਤ ਪਿੰਡ ਖਤਰਾਇ ਖੁਰਦ ਗਿਆ। ਉਸ ਪਿੰਡ ਵਿੱਚ ਪੰਡਿਤਾਂ ਦੇ ਸੱਤ ਗੱਭਰੂ ਮੁੰਡੇ ਵੀ ਬੜੇ ਚਾਂਭਲੇ ਹੋਏ ਸਨ। ਉਹ ਮੱਘਰ ਸਿੰਘ ਵੱਲ ਵੇਖ ਕੇ ਖਹੁਰਨ ਲੱਗ ਪਏ। ਮੱਘਰ ਸਿੰਘ ਨੇ ਕਿਹਾ ਕਿ ਮੇਰੇ ਨੇੜੇ ਨਾ ਆਇਉ।ਉਹ ਨਾ ਹਟੇ, ਇੱਕੋ ਸੋਟਾ ਇੱਕ ਦੀ ਪੁੜਪੁੜੀ 'ਚ ਮਾਰ ਕੇ ਪਾਰ ਬੁਲਾ ਦਿੱਤਾ। ਦੂਜੇ ਭੱਜ ਗਏ। ਸੋਹਣ ਸਿੰਘ ਸਣੇ ਪਿਉ ਪੁੱਤਰਾਂ ਤੇ ਮੁਕੱਦਮਾ ਚੱਲਿਆ। ਇਹਨਾਂ ਦੇ ਵਕੀਲ ਨੇ ਜਿਰ੍ਹਾ ਕੀਤੀ-ਉਹ ਸੱਤ, ਇਹ ਦੋ, ਜਦੋਂ ਇਨ੍ਹਾਂ ਦਾ ਘੇਰਾ ਘੱਤ ਰਹੇ ਸਨ, ਇਸ ਤੋਂ ਜੀ ਭਿਆਣੇ ਆਪਣੇ ਬਚਾਅ ਲਈ ਸੋਟਾ ਵੱਜਾ ਹੈ। ਗਲਤੀ ਦੂਜੀ ਧਿਰ ਦੀ ਹੈ। ਬਰੀ ਹੋ ਕੇ ਫਿਰ ਸ੍ਰੀ ਭੈਣੀ ਸਾਹਿਬ ਆ ਗਏ।

ਸੋਹਣ ਸਿੰਘ ਦਾ ਡੇਰੇ ਵਿਚ ਰਹਿੰਦਾ ਚਾਚਾ ਤਾਰਾ ਸਿੰਘ ਇਤਨਾ ਛੂਹਲਾ ਸੀ ਕਿ ਉਹ ਭੱਜੇ ਜਾਂਦੇ ਘੜੇ ਤੇ ਛਾਲ ਮਾਰ ਕੇ ਚੜ੍ਹ ਜਾਂਦਾ ਸੀ। ਤਾਰਾ ਸਿੰਘ ਖਤਰਾਈਆ ਦੇਸ਼ ਵੰਡ ਤੋ ਬਾਅਦ ਸਿਰਸਾ ਤਹਿਸੀਲ ਦੇ ਪਿੰਡ ਬੁੱਢੀਮਾੜੀ ਵਿੱਚ ਰਹਿੰਦਾ ਰਿਹਾ। ਉਸ ਸਮੇਂ ਬੂਟਾ ਸਿੰਘ ਸਮਸੇ ਵਾਲੇ ਦੀ ਕਿਸੇ ਨਾਲ ਅਦਾਵਤ ਸੀ, ਤੇ ਉਸ ਤਾਰਾ ਸਿੰਘ ਨੂੰ ਕਿਹਾ ਕਿ ਜ਼ਰਾ ਆਪਣਾ ਸੋਟਾ ਦੇਣਾ। ਤਾਰਾ ਸਿੰਘ ਦਾ ਜੁਆਬ ਸੀ ਕਿ ਜੇ ਤਾਂ ਇਹਦੇ ਨਾਲ ਬੰਦਾ ਮਾਰਨਾ ਈ, ਫਿਰ ਮੇਰੇ ਸੋਟੇ ਨੂੰ ਹੱਥ ਲਾਈਂ, ਐਵੇਂ ਕਿਵੇਂ ਦੀ ਖੇਡ ਨਹੀਂ। ਬੂਟਾ ਸਿੰਘ ਨੇ ਐਸਾ ਸੋਟਾ ਫੜਨ ਤੋਂ ਪ੍ਰਹੇਜ਼ ਹੀ ਠੀਕ ਜਾਤਾ। ਮੱਘਰ ਸਿੰਘ ਅਗਸਤ 1966 ਵਿੱਚ ਇਸ਼ਨਾਨ ਕਰਨ ਲੱਗਾ, ਕੁੱਤੇ ਵੱਢ ਵਾਲੀ ਨਹਿਰ (ਦੱਖਣੀ ਘੱਗਰ ਨਹਿਰ) ਵਿੱਚ ਡਿੱਗ ਪਿਆ ਸੀ। ਸਰੀਰ ਬਹੁਤ ਬਿਰਧ ਸੀ ਨਿਕਲ ਨਾ ਸੱਕਿਆ। ਸੋਹਣ ਸਿੰਘ ਪਹਿਲਾਂ ਘੋੜਿਆਂ ਵਿੱਚ ਅਤੇ ਫਿਰ ਉਗਰਾਹੀ ਵਾਲੇ ਗੱਡਿਆਂ ਤੇ ਸੇਵਾ ਕਰਦਾ ਰਿਹਾ। ਇੱਕ ਵੇਰ ਕਿਸੇ ਕਾਰਨ ਸਤਿਗੁਰੂ ਪਰਤਾਪ ਸਿੰਘ ਜੀ ਨੇ ਇਨ੍ਹਾਂ ਨੂੰ ਲੰਗਰ ਵਿੱਚੋਂ ਨਿਕਲ ਜਾਣ ਦਾ ਹੁਕਮ ਦੇ ਦਿੱਤਾ। ਇਹ ਲੱਲਾਂ ਦੇ ਗੁਰਦੁਆਰੇ ਵਿੱਚ ਜਾ ਰਹੇ। ਇੱਕ ਦੋ ਦਿਨ ਹੀ ਲੰਘੇ ਸਨ ਕਿ ਸਤਿਗੁਰੂ ਜੀ ਨੇ ਕਿਹਾ, ਸੋਹਣ ਸਿੰਘ ਤੇ ਉਹਦੇ ਟੱਬਰ ਦੀ ਸੇਵਾ ਬਹੁਤ ਹੈ, ਉਹਨੂੰ ਸੱਦੋ ਵਾਪਸ। ਭਾਈ ਵਜ਼ੀਰ ਸਿੰਘ

ਜੀ ਨੇ ਇੱਕ ਸਿੱਖ ਨੂੰ ਲੱਲਾਂ ਭੇਜ ਕੇ ਸੋਹਣ ਸਿੰਘ ਹੋਰਾਂ ਨੂੰ ਵਾਪਸ ਲੈ ਆਂਦਾ। ਭਾਣੇ ਵਾਲੇ ਸਮੇਂ 1940-45 ਵਿੱਚ ਸੁਕੇਤ, ਮੰਡੀ, ਰਵਾਲਸਰ ਆਦਿ ਥਾਂਵਾਂ ਤੇ ਹੁਕਮ ਅਨੁਸਾਰ ਰਹੇ। ਉੱਥੋਂ ਆ ਕੇ ਪਿੰਡ ਵੀ ਰਹੇ। ਦੇਸ਼ ਦੀ ਵੰਡ ਬਾਅਦ ਜੀਵਨ ਨਗਰ ਰਹਿ ਕੇ ਖੇਤੀਬਾੜੀ ਵੀ ਕੀਤੀ। ਸੋਹਣ ਸਿੰਘ ਹੋਰਾਂ ਦਾ ਚਲਾਣਾ ਅਪਰੈਲ 1966 ਵਿੱਚ ਹੋਇਆ।

ਸੋਹਣ ਸਿੰਘ ਖਤਰਾਈਏ ਦੇ ਅਨੰਦ ਦੀ ਕਥਾ ਵੀ ਬੜੀ ਵਚਿੱਤਰ ਹੈ। ਉਹਨਾਂ ਦਾ ਅਨੰਦ ਗੁਰੂ ਕੇ ਬਾਗ-ਘੁੱਕੇ ਵਾਲੀ ਦੀ ਬੀਬੀ ਗੁਰਬਚਨ ਕੌਰ ਨਾਲ ਹੋਇਆ ਸੀ। ਇਹ ਬੀਬੀ ਅਜੇ ਅਡੋਲ ਆਯੂ ਵਿੱਚ ਹੀ ਸੀ, ਜਦੋਂ ਇਸਦੇ ਮਾਤਾ-ਪਿਤਾ ਦੋਵੇਂ ਹੀ ਜਲ੍ਹਿਆਂ ਵਾਲੇ ਬਾਗ ਦੇ ਸਾਕੇ ਵਿੱਚ ਅਪਰੈਲ 1919 ਵਿੱਚ ਸ਼ਹੀਦ ਹੋ ਗਏ। ਬੀਬੀ ਨੂੰ ਮਾਤਾ-ਪਿਤਾ ਦੇ ਨਾਮ ਵੀ ਯਾਦ ਨਾ ਰਹੇ। ਬੀਬੀ ਦਾ ਇੱਕ ਚਾਚਾ ਜਾਂ ਤਾਇਆ, ਫੂਲਾ ਸਿੰਘ ਸ੍ਰੀ ਭੈਣੀ ਸਾਹਿਬ ਸੇਵਾ ਕਰਿਆ ਕਰਦਾ ਸੀ। ਉਹ ਮਾਂ-ਪਿਉ ਮਹਿੱਟਰ ਗੁਰਬਚਨ ਕੌਰ ਨੂੰ ਆਪਣੇ ਨਾਲ ਭੈਣੀ ਸਾਹਿਬ ਲੈ ਆਇਆ। 6-7 ਸਾਲ ਦੀ ਇਸ ਬੀਬੀ ਨੂੰ ਪਾਲਣ-ਪੋਸ਼ਣ ਲਈ ਮਾਤਾ ਜੀਵਨ ਕੌਰ ਅਤੇ ਮਾਤਾ ਫਤਹਿ ਕੌਰ ਜੀ ਪਾਸ ਭੇਜ ਦਿੱਤਾ ਗਿਆ। ਕੁਝ ਵੱਡੀ ਉਮਰ ਦੀ ਹੋ ਕੇ, ਇਹ ਬੀਬੀ ਬਾਲਕ ਰੂਪ ਵਿੱਚ, ਸਤਿਗੁਰੂ ਜਗਜੀਤ ਸਿੰਘ ਜੀ ਅਤੇ ਮਹਾਰਾਜ ਬੀਰ ਸਿੰਘ ਜੀ ਦੇ ਕੇਸ ਵੀ ਵਾਹਿਆ ਕਰਦੀ ਸੀ। ਮੁਟਿਆਰ ਹੋਣ ਤੇ ਸ੍ਰੀ ਭੈਣੀ ਸਾਹਿਬ ਸੇਵਾ ਕਰਦੇ ਸੋਹਣ ਸਿੰਘ ਜੀ ਨਾਲ ਬੀਬੀ ਦਾ ਅਨੰਦ ਕਾਰਜ ਹੋ ਗਿਆ। ਬੀਬੀ ਦੇ ਵੱਡੇ ਲੜਕੇ ਕਿਰਪਾਲ ਸਿੰਘ ਨੇ ਕਿਸੇ ਬੱਚੇ ਨੂੰ ਉਹਦੇ ਮਾਮੇ ਦੁਆਰਾ ਪੱਗ ਬੱਝਦੀ ਵੇਖ ਕੇ ਜ਼ਿੱਦ ਕੀਤੀ ਕਿ ਮੈਨੂੰ ਵੀ ਮੇਰਾ ਮਾਮਾ ਪੱਗ ਬੰਨ੍ਹੇ। ਹੁਣ ਮਾਮਾ, ਮਾਸੀ ਆਦਿ ਤਾਂ ਕੋਈ ਸੀ ਹੀ ਨਹੀਂ। ਜਿਆਦਾ ਰਿਆੜ ਕਰਦੇ ਕਿਰਪਾਲ ਸਿੰਘ ਨੂੰ ਬੀਬੀ ਗੁਰਬਚਨ ਕੌਰ ਨੇ ਚਪੇੜ ਮਾਰ ਦਿੱਤੀ।ਉਹ ਰੋਣ ਲੱਗ ਪਿਆ, ਤਾਂ ਕਿਸੇ ਨੇ ਮਾਤਾ ਫਤਹਿ ਕੌਰ ਜੀ ਨੂੰ ਇਹ ਵਾਰਤਾ ਜਾ ਦੱਸੀ। ਮਾਤਾ ਫਤਹਿ ਕੌਰ ਜੀ ਨੇ ਇੱਕ ਪੱਗ ਆਪਣੇ ਕੋਲੋਂ, ਮਾਤਾ ਜੀਵਨ ਕੌਰ ਜੀ ਦੇ ਸੇਵਕ ਸ਼ਿੰਗਾਰਾ ਸਿੰਘ ਨੂੰ ਦੇ ਕੇ ਕਿਹਾ ਕਿ ਬਚਨੋ (ਗੁਰਬਚਨ ਕੌਰ) ਮੇਰੀ ਧੀ ਹੈ, ਤੂੰ ਮੇਰਾ ਪੁੱਤਰ ਹੈਂ। ਇਸ ਲਈ ਜਾਹ, ਜਾ ਕੇ ਬਚਨੋ ਦੇ ਮੁੰਡੇ ਨੂੰ ਉਸਦਾ ਮਾਮਾ ਬਣ ਕੇ ਪੱਗ ਬੰਨ੍ਹ ਕੇ ਆ। ਬਾਲਕ ਕਿਰਪਾਲ ਸਿੰਘ ਖੁਸ਼ ਹੋ ਗਿਆ।ਇਹ ਸ਼ਿੰਗਾਰਾ ਸਿੰਘ ਮਾਤਾ ਚੰਦ ਕੌਰ ਜੀ ਦੇ ਸੇਵਕ ਕੇਸਰ ਸਿੰਘ ਲਾਡੀ, ਸ੍ਰੀ ਭੈਣੀ ਸਾਹਿਬ ਦੇ ਦਾਦਾ ਜੀ ਸਨ।

ਸਾਧੂ ਸਿੰਘ ਖਤਰਾਈਆ 1952-53 ਵਿੱਚ ਅਨਦਾੜ੍ਹੀਆ ਹੀ ਸ੍ਰੀ ਭੈਣੀ ਸਾਹਿਬ ਆ ਕੇ ਘੋੜੇ ਸਾਂਭਣ ਲੱਗ ਪਿਆ। ਸਤਿਗੁਰੂ ਪਰਤਾਪ ਸਿੰਘ ਜੀ ਦੇ ਹੁਕਮ ਨਾਲ ਮੰਡੀ ਘੋੜੇ ਲੈ ਕੇ ਗਿਆ। ਉਦੋਂ ਦੇ ਮੰਡੀ ਸ਼ਹਿਰ ਦੇ ਕੋਲ ਵਹਿੰਦਾ ਦਰਿਆ ਬਿਆਸ ਬਹੁਤ ਚੜ੍ਹਿਆ ਸੀ। ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਦਰਿਆ ਬਹੁਤ ਚੜ੍ਹਿਆ ਹੈ, ਘੋੜੇ ਉੱਪਰ ਲੈ ਜਾਉ ਸੜਕ ਤੇ। ਸਤਿਗੁਰੂ ਜੀ ਨੇ ਅਰਦਾਸ ਕਰਕੇ ਸਵਾ ਰੁਪੈਆ ਦਰਿਆ ਵਿੱਚ ਸੁੱਟ ਕੇ ਕਿਹਾ ਕਿ ਹੁਣ ਸ਼ਾਂਤ ਹੋ ਜਾਉ। ਸਾਧੂ ਸਿੰਘ ਦੱਸਿਆ ਕਰਦਾ ਸੀ ਕਿ ਉਹਦੇ ਵੇਂਹਦੇ-ਵੇਂਹਦੇ ਦਰਿਆ ਦਾ ਸਾਰਾ ਚੜ੍ਹਾਅ ਉੱਤਰ ਕੇ ਪਾਣੀ ਪਹਿਲੇ ਪੱਧਰ ਤੇ ਆ ਗਿਆ।

ਜਦੋਂ ਅਗਸਤ 1959 ਵਿੱਚ ਸਤਿਗੁਰੂ ਜੀ ਦਾ ਮੰਡੀ ਦਾ ਆਖਰੀ ਦੌਰਾ ਸੀ ਤਾਂ ਸਾਧੂ ਸਿੰਘ ਉੱਥੇ ਹੀ ਸੀ ਅਤੇ ਹੁਕਮ ਅਨੁਸਾਰ ਸਤਿਗੁਰੂ ਜੀ ਦੀ ਦੇਹ ਢਿੱਲੀ ਹੋਣ ਤੇ ਇੱਕ ਵੈਦ ਨੂੰ ਬੁਲਾ ਕੇ ਲਿਆਇਆ ਸੀ। ਉਹ ਜੀਵਨ ਨਗਰ ਦੀ ਘੋੜਸ਼ਾਲਾ ਵਿੱਚ ਵੀ ਰਿਹਾ ਅਤੇ ਪਿਛਲੀ ਉਮਰੇ ਬਿਰਧ ਹੋਏ, ਘੋੜਿਆਂ ਦੇ ਸਲੋਤਰੀ ਕਰਮ ਸਿੰਘ ਮੁਨੀਮ ਹੋਰਾਂ ਦੀ ਟਹਿਲ ਸੇਵਾ ਵੀ ਸਾਧੂ ਸਿੰਘ ਨੇ ਨਿਭਾਹੀ। ਉਹ ਜੀਵਨ ਨਗਰ ਵਿਖੇ ਰਹਿੰਦਿਆਂ ਵੀ ਖੇਤੀਬਾੜੀ ਅਤੇ ਗਊਆਂ ਦੀ ਸੰਭਾਲ ਕਰਦਾ ਰਿਹਾ। ਖੇਤੀਬਾੜੀ ਉਸਦੇ ਜ਼ਿੰਮੇ ਜੀਵਨ ਨਗਰ ਟਿੱਬੇ ਦੀ ਸੀ। ਇਸ ਟਿੱਬੇ ਵਾਲੀ ਸੇਵਾ ਤੋਂ 1994 ਈ. ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਉਸਨੂੰ ਆਪਣੀ ਗੱਡੀ ਵਿੱਚ ਨਾਲ ਬਿਠਾ ਕੇ ਸ੍ਰੀ ਭੈਣੀ ਸਾਹਿਬ ਲੈ ਗਏ। ਫਿਰ ਹੱਟੀ ਤੇ, ਦੁੱਧ ਦੀ ਸੇਵਾ ਤੇ, ਭੈਣੀ ਸਾਹਿਬ ਤਬੇਲੇ ਵਿੱਚ ਅਤੇ ਬਿਰਧਸ਼ਾਲਾ ਵਿੱਚ, ਫਿਰ ਮਾਤਾ ਚੰਦ ਕੌਰ ਜੀ ਦੇ ਕਹਿਣ ਤੇ ਪ੍ਰਕਾਸ਼ ਅਸਥਾਨ ਰਾਈਆਂ ਦੀਆਂ ਵਰਨੀਆਂ ਵਿੱਚ ਵੀ ਸੇਵਾ ਨਿਭਾਹੁੰਦਾ ਰਿਹਾ। ਜਿੱਥੇ ਹੁਕਮ ਹੋਣਾ ਉੱਥੇ ਆਪਣਾ ਮੰਜਾ ਅਤੇ ਕਛਹਿਰਾ ਪਰਨਾ ਲਿਜਾ ਰੱਖਣਾ। ਕਦੇ ਇਹ ਨਹੀਂ ਪੁੱਛਣਾ ਕਿ ਇੱਥੋਂ ਕਿਉਂ ਹਟਾਇਆ ਅਤੇ ਇੱਥੇ ਕਿਉਂ ਲਾਇਆ। ਪੂਰਾ ਸਤਿਬਚਨੀ ਸਿੰਘ ਸੀ। ਉਮਰ ਦੇ ਆਖਰੀ ਦੋ ਸਾਲਾਂ ਵਿੱਚ ਡਿੱਗਣ ਕਰਕੇ ਸੱਟ ਲੱਗ ਗਈ, ਸੋ ਇਹ ਸਮਾਂ ਮੰਜੇ ਤੇ ਬੀਤਿਆ। ਪੂਰੇ ਸੱਤਰ ਸਾਲ ਗੁਰੂ ਘਰ ਦੀ ਸੇਵਾ ਕੀਤੀ। ਕਦੇ ਆਪਣੀ ਕਿਸੇ ਕਿਸਮ ਦੀ ਕੋਈ ਮੰਗ ਨਹੀਂ ਰੱਖੀ। ਗੁਰੂ ਦੀ ਸੇਵਾ ਹੀ ਸਾਧੂ ਸਿੰਘ ਹੋਰਾਂ ਦੇ ਜੀਵਨ ਦਾ ਆਧਾਰ ਸੀ। ਗੁਰੂ ਘਰ ਦੀ ਸੇਵਾ ਕਰਦਿਆਂ। ਸਿੰਘ ਨੂੰ ਦੋ ਸਾਲ ਕੈਦ ਵੀ ਕੱਟਣੀ ਪਈ ਸੀ। ਨਿੰਦਕਾਂ ਨੂੰ ਸੋਧਣ ਲੱਗਿਆਂ ਵੀ ਸਾਧੂ ਸਿੰਘ ਢਿੱਲ ਨਹੀਂ ਕਰਦਾ ਸੀ।

ਸਾਧੂ ਸਿੰਘ ਦੇ ਛੋਟੇ ਭਾਈ ਸ਼ੇਰ ਸਿੰਘ 1980 ਵਿੱਚ ਸ੍ਰੀ ਭੈਣੀ ਸਾਹਿਬ ਆਏ। ਉਹ ਚਾਰ-ਪੰਜ ਸਾਲ ਰਾਈਆਂ ਬਾਗ ਵਿੱਚ, ਬਾਕੀ ਸਮਾਂ 2021 ਈ. ਤੱਕ ਸਬਜ਼ੀ ਅਤੇ

ਖੇਤੀਬਾੜੀ ਦੀ ਸੇਵਾ ਵਿੱਚ ਬਿਤਾਇਆ। ਇਹਨਾਂ ਦੇ ਭਾਈ ਕਿਰਪਾਲ ਸਿੰਘ ਪਾਠੀ ਸਨ। ਉਹਨਾਂ ਦਾ ਪਰਿਵਾਰ ਭੰਭੂਰ ਹੈ। ਉਹ ਗੁਜ਼ਰ ਚੁੱਕੇ ਹਨ, ਲੜਕਾ ਗੁਰਚਰਨ ਸਿੰਘ ਭੰਭੂਰ ਹੈ। ਸਭ ਤੋਂ ਛੋਟਾ ਭਾਈ ਗੁਰਦੇਵ ਸਿੰਘ ਵੀ ਭੰਭੂਰ ਖੇਤੀਬਾੜੀ ਕਰਦਾ ਹੈ।

ਸੰਤ ਦੇਵਾ ਸਿੰਘ ਦੇ ਲੜਕੇ ਜਿਉਣ ਸਿੰਘ ਦੇ ਚਾਰ ਪੁੱਤਰ ਸਨ-ਦਲੀਪ ਸਿੰਘ, ਸੁੱਖਾ ਸਿੰਘ, ਟਹਿਲ ਸਿੰਘ ਤੇ ਤੇਗਾ ਸਿੰਘ ਤੇਗਾ ਸਿੰਘ ਦਾ ਪਰਿਵਾਰ ਖਤਰਾਇ ਖੁਰਦ ਵਿੱਚ ਹੈ। ਟਹਿਲ ਸਿੰਘ ਦੇ ਛੇ ਪੁੱਤਰ ਸਨ ਦਰਬਾਰਾ ਸਿੰਘ, ਡਰਾਇਵਰ ਹਰਿਆਣਾ ਰੋਡਵੇਜ਼ ਸਮੇਤ ਦਰਬਾਰਾ ਸਿੰਘ ਦਾ ਲੜਕਾ ਕੁਲਵਿੰਦਰ ਸਿੰਘ ਵੀ ਸ੍ਰੀ ਭੈਣੀ ਸਾਹਿਬ ਹੁਕਮ ਅਨੁਸਾਰ ਸੇਵਾ ਕਰ ਰਿਹਾ ਹੈ।

ਮਾਸਟਰ ਨਿਹਾਲ ਸਿੰਘ ਹੋਰਾਂ ਦੀ ਇੱਕ ਰਚਨਾ 'ਮਿਹਰ ਨਜ਼ਰ ਜੋ 'ਸਤਿਜੁਗ' ਦੇ ਗੁਰੂ ਹਰੀ ਸਿੰਘ ਅੰਕ, 1965 ਈ. ਵਿੱਚ ਛਪੀ ਸੀ, ਅਨੁਸਾਰ ਖਤਰਾਈਏ ਭਰਾਵਾਂ ਤੇ ਇਹ ਕਿਰਪਾ ਗੁਰੂ ਹਰੀ ਸਿੰਘ ਜੀ ਦੇ ਘੁੱਕੇ ਵਾਲੀ, ਗੁਰੂ ਕੇ ਬਾਗ ਦੇ ਕਿਸੇ ਦੌਰੇ ਸਮੇਂ ਵਪਾਰੀ ਸੀ ਪਰ ਸ੍ਰੀ ਸਤਿਗੁਰੂ ਪਰਤਾਪ ਸਿੰਘ ਜੀ ਦੇ ਰੀਕਾਰਡ ਹੋਏ ਉਪਦੇਸ਼ ਵਿੱਚ ਇਹ ਘਟਨਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਦੀ ਹੈ। ਪਰਿਵਾਰਿਕ ਸਰੋਤਾਂ ਤੋਂ ਸੁਣ ਕੇ ਸੰਤ ਨਿਸ਼ਾਨ ਸਿੰਘ ਜੀ ਨੇ ਵੀ ਇਸਨੂੰ ਸਤਿਗੁਰੂ ਰਾਮ ਸਿੰਘ ਜੀ ਨਾਲ ਹੀ ਜੋੜਿਆ ਹੈ। ਇਸ ਲਈ ਮੈਂ ਵੀ ਇਹਨਾਂ ਦੇ ਆਧਾਰ ਤੇ ਇਹ ਘਟਨਾ ਚੀਨੀ ਵਾਲੇ ਪਾਤਸ਼ਾਹ ਜੀ ਦੇ ਦੌਰ ਵਿੱਚ ਵਾਪਰੀ ਲਿਖ ਦਿੱਤੀ ਹੈ। ਸੂਬਾ ਖੁਸ਼ਹਾਲ ਸਿੰਘ ਜੀ ਤੋਂ ਲੈ ਕੇ ਸੂਬਾ ਮੋਹਕਮ ਸਿੰਘ ਜੀ ਤੱਕ ਅਤੇ ਸੰਤ ਦੇਵਾ ਸਿੰਘ ਤੋਂ ਲੈ ਕੇ ਸੰਤ ਸਾਧੂ ਸਿੰਘ, ਸ਼ੇਰ ਸਿੰਘ (ਅਤੇ ਉਸਦੀ ਸੰਤਾਨ) ਤੱਕ ਖਤਰਾਈਆ ਪਰਿਵਾਰ, ਕੋਈ ਪੰਜ ਛੇ ਪੀੜ੍ਹੀਆਂ ਤੋਂ ਆਪਣੇ ਸਤਿਗੁਰ ਦੇ ਸਨਮੁੱਖ ਚੱਲਿਆ ਆਉਂਦਾ ਹੈ।

ਸਤਿਗੁਰੂ ਰਾਮ ਸਿੰਘ ਜੀ ਨੇ ਅੱਖੜ ਸੁਭਾਅ ਵਾਲੇ ਮਝੈਲ ਜੱਟਾਂ ਨੂੰ ਪੂਰਨ ਸੰਤ ਬਣਾ ਦਿੱਤਾ ਸੀ। ਉਹਨਾਂ ਦੇ ਜਨਮਾਂ ਜਨਮਾਂਤਰਾਂ ਦੇ ਪਾਪ ਕਰਮ ਕੱਟ ਕੇ ਸ਼ੁਭ ਕਰਮਾਂ ਦੇ ਮਾਰਗ ਤੇ ਤੋਰ ਦਿੱਤਾ ਸੀ। ਇਸੇ ਲਈ ਹੀ ਤਾਂ ਗਿਆਨੀ ਗਿਆਨ ਸਿੰਘ ਜੀ ਨੇ ਇਸ ਨੂੰ ਕਲਿਜੁਗ ਵਿੱਚ ਸਤਿਜੁਗ ਵਰਤਾਉਣ ਵਾਲਾ ਕੌਤਕ ਬਿਆਨਿਆ ਸੀ।

### – ਹਵਾਲੇ ਤੇ ਟਿੱਪਣੀਆਂ–

1. ਗਿਆਨੀ ਗਿਆਨ ਸਿੰਘ ਜੀ ਦੇ 28 ਕਬਿੱਤ,- ਨਾਮਧਾਰੀ ਸਿੱਖ ਸੰਖੇਪ ਵਿਵਰਨ-ਸੰਪਾਦਕ (ਡਾ. ਹਰਿਭਜਨ ਸਿੰਘ), 1988, ਸ੍ਰੀਜੀਵਨ ਨਗਰ (ਜ਼ਿਲ੍ਹਾ ਸਿਰਸਾ), ਸਫ਼ਾ 56

2. ਮੌਲਵੀ ਗੁਲਾਮ ਭੀਖ ਜਲੰਧਰੀ, ਉ, ਨਾਹਰ ਸਿੰਘ ਐਮ. ਏ., ਨਾਮਧਾਰੀ ਇਤਿਹਾਸ, ਛਾਪ ਦੂਜੀ, ਸਫਾ 126-27, "ਮੈਂ ਖੁਦ ਭੈਣੀ ਗਿਆ ਔਰ ਦੇਖਾ ਕੂਕਿਓਂ ਨੇ ਜੋ ਤਾਰੀਕ ਅਖਤਿਆਰ ਕੀ ਹੈ, ਵਹੁ ਔਰ ਕੁਛ ਨਹੀਂ ਹੈ, ਵਹੁ ਅਸਲ ਮਜ਼ੁਬ ਸਿੱਖੋਂ ਕਾ ਹੀ ਹੈ, ਔਰ ਉਸੇ ਉਹੋਂ ਨੇ ਦੋਬਾਰਾ ਰੌਨਕ ਦੀ ਹੈ।... ਕਿ ਯੇਹ ਲੌਗ ਗੁਰੂ ਗੋਬਿੰਦ ਸਿੰਘ ਕੇ ਤਰੀਕ ਪਰ ਚਲਤੇ ਹੈਂ ...., ਉਨਕੇ ਤਮਾਮ ਉਮਰ ਲੋਕੀ ਔਰ ਨੇਕ ਚਲਨੀ ਕੀ ਤਾਕੀਦ ਕੀ ਜਾਤੀ ਹੈ ..... ਕੂਕੇ ਕੇ ਫਿਰਕੇ ਮੈਂ ਕਿਸੀ ਨੇ ਮੱਕਾਰ ਔਰ ਬਦਇਖਲਾਕ ਕਾਮ ਦੇਖਾ ਹੋਗਾ।... ਗਾਓਂ ਕੇ ਗਾਓਂ ਔਰ ਮੌਜ਼ਿਆ ਜੋ ਮੌਜ਼ਿਆ ਕੂਕੇ ਹੋ ਗਏ ਹੈਂ ...। ਉਰਦੂ ਵਿੱਚ ਅਣਛਪੀ ਪੁਸਤਕ ਤਾਰੀਖ ਵਾਕਰੀ ਵਿੱਚ 142 ਤੋਂ 148, ਇਸ ਦਾ ਲਿਖਣ ਸਾਲ 1892 ਈ.

3. ਗਿਆਨੀ ਗਿਆਨ ਸਿੰਘ, ਉਪਰੋਕਤ, ਸਫਾ 50, ਕਬਿੱਤ 9, " ਕੋਊ ਜੋ ਕਹਿਤ ਥੇ ਕਲਾਮ ਦੇਤ ਸਯਦਾਨੀ, ਸੋਊ ਕਰ ਹਮ ਪੇਖਯੋ ਅਜਮਾਇ ਕੈ।

4. ਸੰਤ ਨਿਸ਼ਾਨ ਸਿੰਘ 'ਕਥਾਵਾਚਕ'- 'ਪਰੇਤਹੁ ਕੀਤੋਨੁ ਦੇਵਤਾ-ਅਣਛਪੀ ਰਚਨਾ ਵਿੱਚੋਂ।

5. ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿੱਤਰ ਉਪਦੇਸ਼, 'ਲਾਲ ਏਹਿ ਰਤਨ', ਭਾਗ 3, (ਸੰ. ਪ੍ਰਿ. ਬੇਅੰਤ ਕੌਰ), ਸਵਾ 214-15, ਬੰਕੋਕ ਵਿੱਚ 9-2-1954 ਨੂੰ ਸਤਿਗੁਰੂ ਜੀ ਦਾ ਉਪਦੇਸ਼।

6. ਸ੍ਰ. ਹਿੰਮਤ ਸਿੰਘ ਜੀ ਦੇ ਛੇਆਂ ਪੁੱਤਰਾਂ ਦਾ ਬੰਸਾਵਲੀਨਾਮਾ ਅੱਗੇ ਦਿੱਤਾ ਜਾ ਰਿਹਾ ਹੈ-

1. ਸੂਬਾ ਖੁਸ਼ਹਾਲ ਸਿੰਘ ਜੀ ਦੀ ਸੰਤਾਨ- (1) ਗੰਡਾ ਸਿੰਘ (2) ਚੰਦਾ ਸਿੰਘ

ਸੰਤ ਗੰਡਾ ਸਿੰਘ ਦੀ ਸੰਤਾਨ- (1) ਸੁਰੈਣ ਸਿੰਘ (2 ਕਿਸ਼ਨ ਸਿੰਘ (3) ਆਸਾ ਸਿੰਘ (4) ਰਤਨ ਸਿੰਘ (5) ਚਰਨ ਸਿੰਘ (6) ਬੀਬੀ ਅੱਛਰ ਕੌਰ (ਪਤਨੀ ਸੰਤ ਸੁਰਜਨ ਸਿੰਘ ਸਰਹਾਲੀ)।

ਸੰਤ ਸਰੈਣ ਸਿੰਘ ਦੀ ਸੰਤਾਨ- (1) ਅਰਜਨ ਸਿੰਘ (2) ਯੋਧਾ ਸਿੰਘ (3) ਦਰਸ਼ਨ ਸਿੰਘ (4) ਸ਼ਿਗਾਰਾ ਸਿੰਘ ਸੰਤ ਕਿਸ਼ਨ ਸਿੰਘ ਦੀ ਸੰਤਾਨ- ਇੰਦਰ ਸਿੰਘ

ਸੰਤ ਆਸਾ ਸਿੰਘ ਦੀ ਸੰਤਾਨ- (1) ਜਗੀਰ ਸਿੰਘ (2) ਵਿਰਸਾ ਸਿੰਘ (3) ਸੁਖਦੇਵ ਸਿੰਘ

ਸੰਤ ਵਿਰਸਾ ਸਿੰਘ ਦੀ ਸੰਤਾਨ- (1) ਸੂਬਾ ਮੋਹਕਮ ਸਿੰਘ (2) ਮੀਹਾਂ ਸਿੰਘ (3) ਪਹਿਲਵਾਨ ਹਰਪਾਲ ਸਿੰਘ

ਸੰਤ ਰਤਨ ਸਿੰਘ ਦੀ ਸੰਤਾਨ- (1) ਅਜਾਇਬ ਸਿੰਘ (2) ਗੁਰਮੇਲ ਸਿੰਘ (3) ਹਰਜੀਤ ਸਿੰਘ

ਸੰਤ ਚਰਨ ਸਿੰਘ ਦੀ ਸੰਤਾਨ- (1) ਹਰਭਜਨ ਸਿੰਘ (2)

ਗੁਰਬਚਨ ਸਿੰਘ (3) ਅਮਰੀਕ ਸਿੰਘ (4) ਮਨਜੀਤ ਸਿੰਘ
ਬੀਬੀ ਅੱਛਰ ਕੌਰ ਪਤਨੀ ਸੰਤ ਸੁਰਜਨ ਸਿੰਘ ਸਰਹਾਲੀ ਦੀ ਸੰਤਾਨ- (1) ਸੂਰਤਾ ਸਿੰਘ (2) ਮੂਰਤਾ ਸਿੰਘ (3) ਸੰਤ ਮਹਿੰਦਰ ਸਿੰਘ ਪਨਿਹਾਰੀ
ਸੰਤ ਚੰਦਾ ਸਿੰਘ ਦੀ ਸੰਤਾਨ- (1) ਧੰਨਾ ਸਿੰਘ (2) ਬੀਬੀ ਗੁਰਬਚਨ ਕੌਰ (ਗੁਰੋ) ਪਤਨੀ ਸੋਭਾ ਸਿੰਘ (3) ਬੀਬੀ ਆਸ ਕੌਰ ਪਤਨੀ ਸੁਲੱਖਣ ਸਿੰਘ ਮੌੜੇ ਜ਼ਿਲ੍ਹਾ ਅੰਮ੍ਰਿਤਸਰ
ਧੰਨਾ ਸਿੰਘ ਦੀ ਸੰਤਾਨ- (1) ਸਵਰਨ ਸਿੰਘ (2) ਹਰਬੰਸ ਸਿੰਘ (3) ਮੁਨਸ਼ਾ ਸਿੰਘ (4) ਲੱਖਾ ਸਿੰਘ (5) ਬੀਬੀ ਰਜਨੀ (ਪਤਨੀ ਸ੍ਰ. ਅਮਰੀਕ ਸਿੰਘ ਚਵਿੰਡਾ) (6) ਬੀਬੀ ਬੀਰੋ (7) ਬੀਬੀ ਸਵਰਨੀ
2. ਬਾਬਾ ਸੰਤਾ ਸਿੰਘ ਦੀ ਸੰਤਾਨ- ਬਾਬਾ ਫਤਹਿ ਸਿੰਘ
ਬਾਬਾ ਫਤਹਿ ਸਿੰਘ ਦੀ ਸੰਤਾਨ- ਬਾਪੂ ਹਰਨਾਮ ਸਿੰਘ
ਸੰਤ ਹਰਨਾਮ ਸਿੰਘ ਦੀ ਸੰਤਾਨ- (1) ਜੀਤ ਸਿੰਘ (2) ਮਨੀ ਸਿੰਘ(3) ਹਰਦਾਸ ਸਿੰਘ
3. ਸੰਤ ਪਰਤਾਪ ਸਿੰਘ ਦੀ ਸੰਤਾਨ- ਇੱਕ ਲੜਕੀ
4. ਸੰਤ ਬੂਟਾ ਸਿੰਘ ਦੀ ਸੰਤਾਨ- (1) ਪਾਲ ਸਿੰਘ (2) ਵੀਰ ਸਿੰਘ
5. ਸੰਤ ਦੇਵਾ ਸਿੰਘ ਦੀ ਸੰਤਾਨ- (1) ਤਾਰਾ ਸਿੰਘ (2) ਮੱਘਰ ਸਿੰਘ (3) ਜਿਊਣ ਸਿੰਘ (4) ਇੱਕ ਲੜਕੀ, ਜੋ ਮੁਹਾਵੋ ਵਿਆਹੀ ਸੀ।
ਸੰਤ ਤਾਰਾ ਸਿੰਘ ਦੀ ਸੰਤਾਨ ?
ਸੰਤ ਮੱਘਰ ਸਿੰਘ ਦੀ ਸੰਤਾਨ- (1) ਸੋਹਣ ਸਿੰਘ (2) ਕੁੰਦਨ ਸਿੰਘ (ਬਿਹੰਗਮ ਸਿੰਘ) (3) ਬੀਬੀ ਪਾਲ ਕੌਰ (4) ਬੀਬੀ ਪ੍ਰੀਤਮ ਕੌਰ (5) ਬੀਬੀ ਨਿਹਾਲ ਕੌਰ
ਸੋਹਣ ਸਿੰਘ ਦੀ ਸੰਤਾਨ- (1) ਕਿਰਪਾਲ ਸਿੰਘ (ਭੰਭੂਰ-ਸਿਰਸਾ) (2) ਸਾਧੂ ਸਿੰਘ, ਸ੍ਰੀ ਭੈਣੀ ਸਾਹਿਬ (3) ਸ਼ੇਰ ਸਿੰਘ, ਸ੍ਰੀ ਭੈਣੀ ਸਾਹਿਬ (4) ਗੁਰਦੇਵ ਸਿੰਘ ਭੰਭੂਰ ਸਿਰਸਾ (5) ਬੀਬੀ ਗੁਰਮੇਜ ਕੌਰ ਸੁਪਤਨੀ ਗੁਰਦਿਆਲ ਸਿੰਘ ਸੰਘੇੜਾ (ਮੁੰਬਈ) (6) ਬੀਬੀ ਪਿਆਰ ਕੌਰ ਸੁਪਤਨੀ ਸੁਰਜੀਤ ਸਿੰਘ ਨੰਬਰਦਾਰ, ਕੋਟ ਧਰਮੂ (7) ਬੀਬੀ ਚਰਨ ਕੌਰ ਸੁਪਤਨੀ ਮਿੱਤ ਸਿੰਘ ਚੰਨੀ ਕੋਟ ਧਰਮੂ
ਕਿਰਪਾਲ ਸਿੰਘ ਦੀ ਸੰਤਾਨ- ਗੁਰਚਰਨ ਸਿੰਘ ਅਤੇ ਤਿੰਨ ਬੀਬੀਆਂ
ਸਾਧੂ ਸਿੰਘ ਦੀ ਸੰਤਾਨ- (1) ਜਸਵੰਤ ਸਿੰਘ, ਸ੍ਰੀ ਭੈਣੀ ਸਾਹਿਬ (2) ਸ਼ਾਮ ਸਿੰਘ (ਯੂ. ਐਸ. ਏ.) (3) ਮਲਕੀਤ ਸਿੰਘ, ਸ੍ਰੀ ਭੈਣੀ ਸਾਹਿਬ (4) ਕੁਲਵੰਤ ਸਿੰਘ, ਸ੍ਰੀ ਭੈਣੀ ਸਾਹਿਬ ਅਤੇ ਬੀਬੀ ਲਖਵਿੰਦਰ ਕੌਰ ਸੁਪਤਨੀ ਸੁਖਵਿੰਦਰ ਸਿੰਘ ਜੌੜਕੀਆਂ (ਰਾਜਸਥਾਨ)
ਸ਼ੇਰ ਸਿੰਘ ਦੀ ਸੰਤਾਨ- (1) ਬਲਦੇਵ ਸਿੰਘ (2) ਕਸ਼ਮੀਰ ਸਿੰਘ (ਨਾਮਧਾਰੀ ਫਾਰਮ) (3) ਜਗਦੀਸ਼ ਸਿੰਘ (ਨਾਮਧਾਰੀ ਫਾਰਮ) (4) ਬਖਸ਼ੀਸ਼ ਸਿੰਘ
ਗੁਰਦੇਵ ਸਿੰਘ ਦੀ ਸੰਤਾਨ- ਸੋਨੂ, ਗੁਰਵਿੰਦਰ ਸਿੰਘ ਅਤੇ ਦੋ ਬੀਬੀਆਂ
6. ਸੰਤ ਜਵਾਲਾ ਸਿੰਘ ਦੀ ਸੰਤਾਨ- ਇੱਕ ਲੜਕੀ ਜਿਹੜੀ ਬਲੇਅਰ ਵਿਆਹੀ ਸੀ ਅਤੇ ਉਸਦਾ ਪੁੱਤਰ ਤੇਜਾ ਸਿੰਘ ਬਲੇਰੀਆ।

.....................................................

## ਨਾਮਧਾਰੀ ਸਿੱਖ-ਸਦਾਚਾਰ

ਜੇ ਉਨ੍ਹਾਂ ਨੇ ਦੇਸ਼ ਤੇ ਜਾਤੀ ਲਈ ਜੋ ਮਹਾਨ ਕੰਮ ਕੀਤੇ ਹਨ ਉਹ ਛੱਡ ਭੀ ਦੇਈਏ ਤਾਂ ਉਨ੍ਹਾਂ ਦਾ ਇਕ ਇਹ ਪਰਚਾਰ ਕਿ ਇਸਤਰੀ ਤੇ ਮਰਦ ਸਮਾਜ ਵਿਚ ਬਰਾਬਰ ਦੇ ਹੱਕਦਾਰ ਹਨ, ਹੀ ਉਨ੍ਹਾਂ ਨੂੰ ਸੰਸਾਰ ਭਰ ਦੇ ਸ਼ਿਰੋਮਣੀ ਸੁਧਾਰਕਾਂ ਦੀ ਸਫ਼ ਵਿਚ ਖੜਾ ਕਰ ਦੇਂਦਾ ਹੈ।

ਸਤੀ ਦੀ ਰਸਮ ਬਾਕੀ ਭਾਰਤ ਵਰਸ਼ ਦੇ ਨਾਲ ਨਾਲ ਪੰਜਾਬ ਦੇ ਸਿਖ ਘਰਾਣਿਆਂ ਵਿਚ ਵੀ ਪਰਵੇਸ਼ ਕਰ ਚੁਕੀ ਸੀ। ਕਿਸੇ ਪੁਰਸ਼ ਦੀ ਮੌਤ ਸਮੇਂ ਉਸ ਦੀ ਪਤਨੀ ਨੂੰ ਦੂਸਰੀ ਸ਼ਾਦੀ ਦੀ ਆਗਿਆ ਨਾ ਦਿੰਦਿਆਂ ਹੋਇਆਂ ਪਤੀ ਦੀ ਚਿਤਾ ਦੇ ਨਾਲ ਹੀ ਸੜ ਜਾਣ ਲਈ ਮਜਬੂਰ ਕੀਤਾ ਜਾਂਦਾ ਸੀ ਤੇ ਕਈ ਹਾਲਤਾਂ ਵਿਚ ਤਾਂ ਬਦੋਬਦੀ ਫੜ ਕੇ ਚਿਤਾ ਵਿਚ ਸੁੱਟਿਆ ਜਾਂਦਾ ਸੀ। ਬਾਬਾ ਜੀ ਨੇ ਇਹ ਰਸਮ ਬੰਦ ਕਰਵਾਈ ਤੇ ਵਿਧਵਾ ਨੂੰ ਦੂਜਾ ਵਿਆਹ ਕਰਾਉਣ ਦੀ ਖੁਲ੍ਹ ਦਿਤੀ। ਬਾਬਾ ਜੀ ਦੇ ਇਸ ਉਪਦੇਸ਼ ਦੀ ਪਾਲਣਾ ਇਥੋਂ ਤਕ ਕੀਤੀ ਗਈ ਕਿ ਕਈ ਵਡੇਰੀ ਉਮਰ ਦੀਆਂ ਵਿਧਵਾ ਇਸਤਰੀਆਂ ਨੇ ਵੀ ਰਸਮੀ ਤੌਰ ਤੇ ਸ਼ਾਦੀਆਂ ਇਸ ਲਈ ਕਰਵਾ ਲਈਆਂ ਸਨ ਕਿਉਂਕਿ ਇਹ ਬਾਬਾ ਜੀ ਦਾ ਹੁਕਮ ਸੀ।

ਬਾਬਾ ਜੀ ਦੇ ਅਜਿਹੇ ਸੁਧਾਰਾਂ ਬਾਰੇ ਇਕ ਮੁਸਲਮਾਨ ਇਤਿਹਾਸਕਾਰ ਦੇ ਸ਼ਬਦਾਂ ਦਾ ਉਲਥਾ ਪੜ੍ਹੋ :-

"ਉਨ੍ਹਾਂ (ਕੂਕਿਆਂ) ਵਿਚ ਵਿਧਵਾ ਵਿਆਹ ਦੀ ਰੋਕ ਨਹੀਂ ਹੈ। ਉਨ੍ਹਾਂ ਵਿਚ ਲੜਕੀ ਤੇ ਭੈਣ ਦੇ ਬਦਲੇ ਪੈਸੇ ਲੈਣ ਨੂੰ ਚੰਗਾ ਨਹੀਂ ਸਮਝਿਆ ਜਾਂਦਾ। ਉਹ ਪਵਿੱਤਰ ਸਦਾਚਾਰਕ ਜੀਵਨ ਦੀ ਤਾਕੀਦ ਕਰਦੇ ਹਨ ਤੇ ਨਸ਼ਿਆਂ ਤੋਂ ਦੂਰ ਰਹਿੰਦੇ ਹਨ।

.....................................................

# ਬੀਤੇ ਦੀਆਂ ਪੈੜਾਂ



**(ਅਣਛਪਿਆ-ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

ਦੂਜਾ ਸ. ਗੁਰਚਰਨ ਸਿੰਘ, ਤੀਜਾ ਅਮਰ ਸਿੰਘ ਅਤੇ ਚੌਥਾ ਸ. ਪ੍ਰੀਤਮ ਸਿੰਘ ਜੀ ਦੇ ਨਮਿਤ ਸੀ। ਇਹਨਾਂ ਦੇ ਪਿੰਡ ਪੀੜ੍ਹੀ ਦਾ ਵੇਰਵਾ ਨਹੀਂ ਮਿਲਿਆ।

ਜਾਂ ਲਉਢੇ ਵੇਲੇ ਦਾ ਕੀਰਤਨ ਜਾਰੀ ਹੋਇਆ ਤਾਂ ਦੂਜੇ ਸ਼ਬਦ "ਸਾਹਿਬ ਮੇਰਾ ਮੇਹਰਬਾਨ" ਦੇ ਅਨੰਦ ਬਰਸਾਂ ਦੇ ਸੁਰਾਂ ਵਿਚਾਲੇ ਲੁਧਿਆਣਾ ਸ਼ਹਿਰ ਦੀ ਸੰਗਤ ਦੇ ਕੋਈ 50- 60 ਸਰੀਰ ਉੱਠਕੇ ਗੁਰੂ ਚਰਨਾਂ ਵਿੱਚ ਹਾਜਰ ਹੋਏ। ਇਹਨਾਂ ਨੂੰ ਲਾਮਬੰਦ ਕਰਨ ਵਾਲੇ ਉਤਸ਼ਾਹੀ ਨੌਜਵਾਨ ਸਨ। ਇਹਨਾਂ ਨੇ ਸ਼੍ਰੀ ਚਰਨਾਂ ਵਿੱਚ ਅਰਦਾਸ ਕੀਤੀ ਕਿ ਆਉਂਦੇ ਸਾਲ ਦਾ ਹੋਲਾ ਲੁਧਿਆਣੇ ਦੀ ਸੰਗਤ ਨੂੰ ਬਖਸ਼ਿਆ ਜਾਵੇ। ਇਹਨਾਂ ਵਿਚ ਮੈਨੂੰ ਕਾਫੀ ਉਤਸ਼ਾਹ ਲੱਗਾ। ਸਤਿਗੁਰੂ ਜੀ ਨੇ ਅੱਸੂ ਦੇ ਮੇਲੇ ਤੇ ਆਪਣਾ ਨਿਰਣਾ ਦੇਣ ਦਾ ਬਚਨ ਕੀਤਾ।

ਅੱਜ ਮੁਹਾਵੇ ਵਾਲੇ ਬਾਬਾ ਛਿੰਦਾ ਸਿੰਘ ਜਦੋਂ ਸ੍ਰੀ ਸਤਿਗੁਰੂ ਜੀ ਨੂੰ ਦੀਵਾਨ ਵਿੱਚ ਮੱਥਾ ਟੇਕਣ ਲਈ ਆਏ ਤਾਂ ਉਨ੍ਹਾਂ ਦੇ ਪਿੱਛੇ ਉਨ੍ਹਾਂ ਦੇ ਇਲਾਕੇ ਦੇ 25-30 ਜੁਆਨ ਸ਼ਰੀਰ ਸਨ। ਦਿੱਖ ਤੋਂ ਨਵੇਂ ਨਾਮਧਾਰੀ ਸਜੇ ਜਾਪਦੇ ਸਨ। ਇੱਕ ਦੇ ਸਿਰ ਤੇ ਸੁੰਦਰ ਨਾਮਧਾਰੀ ਦਸਤਾਰ ਤੇ ਗਲ ਵਿੱਚ ਗਾਤਰੇਦਾਰ ਕਿਰਪਾਨ ਵੀ ਸੀ। ਬਾਬਾ ਛਿੰਦਾ ਜੀ ਮੁਹਾਵੇ ਵਾਲੇ ਬਾਬਾ ਕੇਸਰ ਸਿੰਘ ਜੀ ਦੀ ਅੰਸ-ਬੰਸ ਵਿੱਚੋਂ ਹਨ ਤੇ ਵੈਰਾਗਮਈ ਕੀਰਤਨੀਏ ਵਜੋਂ ਜਾਣੇ ਜਾਂਦੇ ਹਨ। ਐਲਾਨ ਕੀਤਾ ਗਿਆ ਕਿ ਭੈਣੀ ਸਾਹਿਬ ਵਿਕਾਸ ਸਮਿਤੀ ਦੇ ਮੈਂਬਰ ਦੀਵਾਨ ਪਿੱਛੋਂ ਮੰਚ ਦੇ ਪਿਛਲੇ ਕਮਰੇ ਵਿੱਚ ਜੁੜਨ ਤੇ ਜਿੰਨ੍ਹਾਂ ਦੇ ਬੱਚਿਆਂ ਦੇ ਸਵੇਰੇ ਅਨੰਦ ਕਾਰਜੋ ਹੋਏ ਹਨ ਉਹ ਦੋਵੇਂ ਤਰਫਾਂ ਦੇ ਪਰਿਵਾਰ ਹਰੀ ਮੰਦਰ ਵਿੱਚ 6 ਵਜੇ ਦਰਸ਼ਨ ਦੇਣ। ਅੱਜ ਆਉਣ ਵਾਲੀ ਸਾਰੀ ਰਾਤ ਵਾਸਤੇ ਹੱਲੇ ਦੇ ਦੀਵਾਨਾਂ ਦੀ ਵਿਵਸਥਾ ਕੀਤੀ ਗਈ। ਇਹਨਾਂ ਵਿੱਚ ਹੇਠ ਲਿਖੇ ਜਥੇਦਾਰ ਕੀਰਤਨਕਾਰ ਹੋਣਗੇ। ਰਾਤ 6 ਤੋਂ ਸਵੇਰੇ 3 ਵਜੇ ਤੱਕ ਦਾ ਜਗਰਾਤਾ ਚੱਲੇਗਾ। ਜਥੇਦਾਰ ਸੰਤਾ ਸਿੰਘ ਡੋਈਵਾਲਾ, ਜਥੇਦਾਰ ਅਜੀਤ ਸਿੰਘ ਬਟਾਲਾ, ਜਥੇਦਾਰ ਜੋਧਾ ਸਿੰਘ ਵਜੀਦ, ਜਥੇਦਾਰ ਮੇਲਾ ਸਿੰਘ, ਜਥੇਦਾਰ ਗੁਰਦੀਪ ਸਿੰਘ ਭੈਣੀ ਸਾਹਿਬ, ਬਾਬਾ ਛਿੰਦਾ ਸਿੰਘ ਮੁਹਾਵਾ, ਬਲਵੰਤ ਸਿੰਘ ਕਪੂਰਾ, ਜਥੇਦਾਰ ਨਿਰੰਜਨ ਸਿੰਘ ਕੰਗ ਟਮਕੌਦੀ।

ਅੱਜ ਅਕੈਡਮੀ ਬਾਰੇ ਵੀ ਕੁਝ ਪ੍ਰਤੀ ਕਰਮ ਨੋਟ ਕਰਦਾਂ ਹਾਂ। ਪਹਿਲਾ ਆਪਣੇ ਤੋਂ ਹੀ। ਸਵੇਰੇ ਜਦੋਂ ਉਦਘਾਟਨ ਦਾ ਸਮਾਂ ਸੀ ਤਾਂ ਸਤਿਗੁਰੂ ਜੀ ਨੇ ਮੈਨੂੰ ਦੱਸਿਆ- ਬੜੀ ਮੁਸ਼ਕਿਲ ਨਾਲ ਹਰਿਆਣੇ ਤੋਂ 22 ਬੱਚੇ ਲਿਆਂਦੇ ਹਨ। ਮੈਂ ਇਹਨਾਂ ਨੂੰ ਤੋਰ ਕੇ ਤੁਰਿਆ ਸਾਂ। ਸਕੱਤਰ ਤਰਸੇਮ ਸਿੰਘ ਦੇ ਕਾਗਜਾਂ ਤੋਂ ਪਤਾ ਲੱਗਿਆ ਕਿ 7 ਬੱਚੇ ਹੋਰ ਆਉਂਦੇ ਹਨ। 25 ਬੱਚੇ ਪੰਜਾਬ ਦੇ ਦੂਰ- ਦੇਰੇਡੇ ਥਾਵਾਂ ਤੋਂ ਆਉਣਗੇ ਅਤੇ 21 ਬੱਚਿਆਂ ਲਈ 8500 ਸਾਲਾਨਾ ਦੇ ਹਿਸਾਬ ਨਾਲ ਫੀਸ ਇਕੱਤਰ ਕਰ ਲਿਆਂਦੀ ਹੈ। ਮੈਂ ਦੀਨ ਦਿਆਲ ਜੀ ਨੂੰ ਅਰਜ ਕੀਤੀ ਕਿ ਜਿੱਥੇ ਆਪ ਜੀ ਇੰਨੀ ਖੇਚਲ ਅਤੇ ਮਿਹਨਤ ਨਾਲ ਬੱਚੇ ਲਿਆਂਦੇ ਹਨ ਕਿਤੇ ਵਿਦਿਅਕ ਸੰਮੇਲਨ ਵਾਲਾ ਹਾਲ ਨਾ ਹੋ ਜਾਵੇ। ਜਿਵੇਂ ਵਿਦਿਅਕ ਜਥੇ ਨੇ ਸ਼ੁਰੂਆਤ ਤਾਂ ਬੜੀ ਸੋਹਣੀ ਕੀਤੀ ਸੀ ਪਰ ਪਿੱਛੋਂ ਜਾ ਕੇ ਸੰਮੇਲਨਾਂ ਵਿੱਚ ਸ਼ਕਤੀ ਨਾ ਰਹੀ। ਸ੍ਰੀ ਸਤਿਗੁਰੂ ਜੀ ਨੇ ਮੇਰੇ ਕਹਿਣ ਦਾ ਨੋਟਿਸ ਆਪਣੇ ਆਸ਼ੀਰਵਾਦਾਤਮਕ ਭਾਸ਼ਣ ਵਿੱਚ ਵੀ ਲਿਆ ਅਤੇ ਮੈਨੂੰ ਬਚਨ ਕੀਤਾ ਕਿ ਅਸੀਂ ਤਾਂ ਕੋਸ਼ਿਸ਼ ਕਰਨੀ ਹੈ। ਕਿਸਾਨ ਬੜੀ ਮਿਹਨਤ ਨਾਲ ਬੀਜ ਪਾਉਂਦਾ ਹੈ ਪਰ ਕੁਦਰਤੀ ਉੱਗਦਾ ਹੀ ਘੱਟ ਹੈ ਤਾਂ ਉਸਦੀ ਮਿਹਨਤ ਤੇ ਸ਼ੰਕਾ ਤੇ ਨਹੀਂ ਕੀਤੀ ਜਾ ਸਕਦੀ।

ਅਕੈਡਮੀ ਦੇ ਚੈਅਰਮੈਨ ਸ. ਸਾਧੂ ਸਿੰਘ ਜਲੰਧਰ ਦਾ ਕਹਿਣਾ ਸੀ ਕਿ ਅਕੈਡਮੀ ਕੁਪ੍ਰਬੰਧ ਦਾ ਸ਼ਿਕਾਰ ਹੋ ਜਾਏਗੀ। ਬੱਚੇ ਇਕੱਤਰ ਤਾਂ ਕਰ ਲਏ ਹਨ ਪਰ ਇਹਨਾਂ ਦੀ ਸਾਂਭ ਸੰਭਾਲ ਵਾਲੀਆਂ ਨਰਸਾਂ ਜਾਂ ਹੋਰ ਇਸਤਰੀਆਂ ਅਜੇ ਉਪਲਬਧ ਨਹੀਂ ਹਨ। ਹੋਰ ਵੀ ਬਹੁਤ ਸਾਰੀਆਂ ਇਸ ਕਿਸਮ ਦੀਆ ਆਵਾਜਾਂ ਸੁਨਣ ਨੂੰ ਮਿਲੀਆਂ ਪਰ ਇਸ ਵਿੱਚ ਕੋਈ ਸੰਦੇਹ ਨਹੀਂ ਕਿ ਭੈਣੀ ਸਾਹਿਬ ਵਿੱਚ ਰਿਹਾਇਸ਼ੀ ਸਕੂਲ ਦਾ ਇਹ ਦੂਜਾ ਯਤਨ ਹੈ ਜਿਸ ਵਿੱਚ ਮੀਡੀਅਮ ਇਗਲਿੰਸ਼ ਹੋਵੇਗਾ। ਪਤਾ ਲੱਗਾ ਹੈ ਕਿ ਦੋ ਮਹੀਨੇ ਤੋਂ ਇੱਕ ਸਕੂਲ ਕੋਲ ਦੇ ਪਿੰਡ ਕੋਟ ਗੰਗੂ ਰਾਏ ਕੋਲ ਵੀ ਜਾਰੀ ਹੈ, ਜਿਸ ਨਾਲ ਮੁਕਾਬਲਾ ਆਰੰਭ ਤੋਂ ਹੀ ਜਾਰੀ ਹੋ ਜਾਵੇਗਾ।

ਉਂਜ ਇਸ ਅਕੈਡਮੀ ਸਕੂਲ ਨੇ ਕੋਤੂਹਲ ਸਭ ਵਿੱਚ ਜਗਾ ਦਿੱਤਾ ਹੈ। ਮੈਂ ਉਸਤਾਦਨੀ ਅਮਰਜੀਤ ਕੌਰ ਕੇ ਘਰ ਡੇਰੇ ਵਾਲੇ 3-4 ਸਰੀਰਾਂ ਨੂੰ ਭੈਣੀ ਸਾਹਿਬ ਡੇਰੇ ਵਿੱਚ ਰਹਿੰਦੇ ਬੱਚਿਆਂ ਦੇ 50 ਨਾਮ ਲਿਖਦੇ ਵੀ ਵੇਖਿਆ। ਇਹ ਚਾਹੁੰਦੇ ਸਨ ਕਿ ਜੇ ਸਤਿਗੁਰਾਂ ਵਲੋਂ ਭੈਣੀ ਸਾਹਿਬ ਵਿਖੇ ਕਿਸੇ ਵਿਸ਼ੇਸ਼ ਸਕੂਲ ਨੇ ਜਾਰੀ ਹੋਣਾ ਹੈ ਤਾਂ ਉਨ੍ਹਾਂ ਦੇ ਬੱਚੇ ਕਿਉਂ ਨਾ ਲਏ ਜਾਣ। ਡੇਰੇ ਤੇ ਨਿਰਭਰ ਲੋਕ ਕਿੱਧਰ ਜਾਣ ਤੇ ਕਿੱਥੋਂ 8500 ਸਾਲਾਨਾ ਲਿਆਉਣ? ਸ. ਹਰਭਜਨ ਸਿੰਘ ਲਖਨਊ-ਔਰੰਗਾਬਾਦ ਇਹਨਾਂ ਦੇ ਤਰਫਦਾਰ ਸਨ।

ਸ਼ਾਮਾਂ ਜਿਹੀਆਂ ਨੂੰ ਇੱਕ ਅਵਸਰ ਸ. ਜਗਦੀਸ਼ ਸਿੰਘ ਵਰਿਆਮ ਨੇ ਪੈਦਾ ਕਰ ਦਿੱਤਾ ਸਤਿਗੁਰੂ ਜੀ ਦੇ ਦਰਸ਼ਨ ਕਰਨ ਦਾ। ਸਤਿਗੁਰੂ ਜੀ ਪੌਣਾ ਘੰਟਾ ਆਪਣੇ ਕਮਰੇ ਵਿੱਚ ਬਿਤਾ ਕੇ ਪੁਰਾਣੀ ਕੋਠੀ ਦੇ ਸਾਹਮਣੇ ਦਰਜਨ ਭਰ ਬੀੜ ਦੇ ਸਿੰਘਾਂ ਨੂੰ ਦਰਸ਼ਨ ਦੇਣ ਗਏ। ਸ. ਗੁਰਦੇਵ ਸਿੰਘ ਮਦਾਰ ਇੰਨ੍ਹਾਂ ਦੇ ਨਾਲ ਸੀ। ਬੀੜ ਵਾਲੇ ਬੀੜ ਵਿਚਲੇ ਵਹਿੰਦੇ ਨਾਲੇ ਨੂੰ, ਉਸਦਾ ਮੁੱਲ ਗੁਰੂ ਘਰ ਨੂੰ ਅਦਾ ਕਰਕੇ ਆਪਣੇ -ਆਪਣੇ ਕਬਜੇ ਵਿੱਚ ਲੈ ਕੇ ਉਸਨੂੰ ਬੰਦ ਕਰਨਾ ਚਾਹੁੰਦੇ ਸਨ। ਉਹਨਾਂ ਦੀ ਗੱਲ ਬਾਤ ਸੁਣ ਕੇ ਸਤਿਗੁਰਾਂ ਵਿਵਸਥਾ ਦਿੱਤੀ ਕਿ ਸਵੇਰੇ ਬੀੜ ਦੇ ਸਾਰੇ ਖੇਤਰ ਦਾ ਨਕਸ਼ਾ ਬਣਵਾ ਕੇ ਲਿਆਉ ਤਾਂ ਕਿ ਨਾਲੇ ਦੀ ਸਹੀ ਸਥਿਤੀ ਦਾ ਪਤਾ ਲੱਗ ਸਕੇ ਅਤੇ ਕਿਸ ਕਿਸ ਦੀ ਨੇੜੇ-ਨੇੜੇ ਦੀ ਮਾਲਕੀ ਹੈ ਇਹ ਵੀ ਪਤਾ ਲੱਗੇ ਫਿਰ ਮੌਜੂਦਾ ਰੇਟ ਨਾਲ ਕੀਮਤ ਲਗਾਉਣ ਵਿੱਚ ਸਹੂਲਤ ਰਹੇਗੀ। ਵਰਾਂਡੇ ਵਿੱਚ ਡੱਠੀ ਕੁਰਸੀ ਪਾਸ ਅਸਾਂ ਬੈਠਿਆਂ ਕੋਲ ਸੱਚੇ ਪਾਤਸ਼ਾਹ ਪਧਾਰੇ ਅਤੇ ਆਉਂਦਿਆਂ ਸਾਰ ਜਗਦੀਸ਼ ਸਿੰਘ ਨਾਲ ਇੱਕ ਤਰ੍ਹਾਂ ਦਾ ਸੂਬਾ ਉਦੈ ਸਿੰਘ ਬਾਰੇ ਅਫ਼ਸੋਸ ਕੀਤਾ। ਇਸ ਢੰਗ ਨਾਲ ਉਸਨੂੰ ਜਿਤਾਇਆ ਕਿ ਭੈਣੀ ਸਾਹਿਬ ਵਿੱਚੋਂ ਇੱਕ ਜਿੰਮੇਵਾਰ ਘੱਟ ਗਿਆ ਹੈ ਅਤੇ ਫ਼ਿਰ ਦੱਸਿਆ ਕਿ ਵਲਾਇਤ ਵਿੱਚ ਗਏ ਆਪ ਉਹਦੀਆਂ ਲੜਕੀਆਂ ਨੂੰ ਵੀ ਦਰਸ਼ਨ ਦੇ ਕੇ ਅਤੇ ਘਰ ਦੀ ਸੁਖ ਸਾਂਦ ਲੈ ਕੇ ਆਏ ਹਨ ਅਤੇ ਉਸਤਾਦ ਵਲਾਇਤ ਖਾਨ ਦੀ ਮਨੋਅਵਸਥਾ ਅਤੇ ਸਤਿਗੁਰੂ ਪ੍ਰੇਮ ਵੀ ਆਪ ਜੀ ਨੇ ਵਿਸਥਾਰਿਤ ਕੀਤਾ।

ਇਸ ਸਭ ਦੀ ਅਖੀਰ ਤੇ ਮੈਂ ਅਰਜ ਕੀਤੀ ਕਿ ਮੇਰੇ ਨਾਲ ਮਕਾਨ ਬਣਾਕੇ ਦੇਣ ਦੀ ਦੁਹਰਾਈ ਨੂੰ 10 ਸਾਲ ਹੋਣ ਨੂੰ ਆ ਗਏ ਹਨ ਪਰ ਅਜੇ ਤੱਕ ਰਕਮ ਨਹੀਂ ਮਿਲ ਰਹੀ। ਕਿਰਪਾ ਕਰੋ ਹੁਣ ਮਕਾਨ ਬਣਾਉਣ ਦੀ ਬੇਹੱਦ ਜ਼ਰੂਰਤ ਹੈ। ਸਤਿਗੁਰੂ ਜੀ ਬਚਨ ਕੀਤਾ ਕਿ ਮੈਨੂੰ ਯਾਦ ਹੈ ਅੱਛੀ ਤਰ੍ਹਾਂ ਪਰ ਬਹੁਤ ਥੱਲੇ ਲੱਗਿਆ ਹੋਇਆ ਹਾਂ, ਜਦੋਂ ਜਰਾ ਵੀ ਹਾਲਾਤ ਠੀਕ ਹੋਏ ਰਕਮ ਦਿਆਂਗੇ।

ਏਨੇ ਚਿਰ ਨੂੰ, ਏਥੇ ਹੀ ਸੰਤ ਦਲੀਪ ਸਿੰਘ ਨਿਰੀਖਿਅਕ ਇੱਕ ਡਾਕਟਰ ਭੁਪਿੰਦਰ ਸਿੰਘ ਲੁਧਿਆਣਾ ਨੂੰ ਲੈ ਕੇ ਆ ਗਿਆ। ਨੌਜਵਾਨ ਟੇਢੀ ਪਗੜੀ ਡਾਕਟਰ ਨੇ 20 ਰੁਪਏ ਚਰਨਾਂ ਤੇ ਰੱਖਕੇ ਨਮਸਕਾਰ ਕੀਤੀ ਅਤੇ ਤੁਰੰਤ ਗੱਲਬਾਤ ਛੇੜ ਦਿੱਤੀ ਕਿ ਸੱਚੇ ਪਾਤਸ਼ਾਹ ਜੀ ਸਾਨੂੰ ਸੇਵਾ ਦਾ ਅਵਸਰ ਦਿਉ। ਪੀ. ਆਰ. 108-109 ਧਾਨ ਦੀਆਂ ਨਵੀਆਂ ਐਸੀਆਂ ਕਿਸਮਾਂ ਈਜਾਦ ਕੀਤੀਆਂ ਹਨ ਕਿ ਇੰਨ੍ਹਾਂ ਜਿੰਨ੍ਹਾਂ ਝਾੜ ਕੋਈ ਹੋਰ ਕਿਸਮ ਨਹੀਂ ਝੜਦੀ। ਇਹਨਾ ਦਾ ਔਸਤ ਰਿਕਾਰਡ ਹੈ। 108 ਨੂੰ ਬਿਮਾਰੀਆਂ ਲੱਗ ਸਕਦੀਆਂ ਹਨ ਪਰ ਜੇ ਸਾਰੇ ਪ੍ਰਬੰਧ ਵੇਲੇ ਸਿਰ ਹੋ ਜਾਣ ਤਾਂ ਝਾੜ ਵੱਧ ਤੋ ਵੱਧ ਮਿਲ ਜਾਂਦਾ ਹੈ। 109 ਨੂੰ ਕੋਈ ਖਤਰਾ ਨਹੀਂ। ਸਤਿਗੁਰੂ ਜੀ ਨੇ ਬਚਨ ਕੀਤਾ ਕਿ ਕਿੰਨੇ ਕੁ ਪੈਸੇ ਇੱਕ ਖੇਤ ਵਿੱਚੋਂ ਨਿਕਲਣਗੇ? ਉਸਨੇ 4000 ਔਸਤ ਦੱਸੀ ਤਾਂ ਸਤਿਗੁਰੂ ਜੀ ਨੇ ਤੁਰੰਤ ਬਚਨ ਕੀਤਾ ਕਿ ਸਾਡੇ ਜੀਵਨ ਨਗਰ ਇਲਾਕੇ ਵਿੱਚ ਬਾਸਮਤੀ ਬੀਜ ਕੇ 8000 ਪ੍ਰਤੀ ਏਕੜ ਪੈਦਾਵਰ ਲਈ ਗਈ ਹੈ ਅਤੇ ਇਸਦੇ ਟਾਕਰੇ ਉਹਾਡੇ ਧਾਨ ਦੇ 4000- 5000 ਦਾ ਕੀ ਅਰਥ?

**ਚਲਦਾ...**

# ਅੱਖੀਂ ਡਿੱਠਾ ਕਿੱਸਾ ਕੀਤਾ

**(ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ ਚੋਂ)**



**ਸੰਪਾਦਕ: ਸੁਵਰਨ ਸਿੰਘ ਵਿਰਕ**
**9996371716**

ਇਹ ਭਾਈ ਸ਼ੇਰ ਸਿੰਘ ਫਿਰ ਚਾਰ ਸਾਲ ਸਤਿਗੁਰੂ ਜੀ ਦੇ ਘੋੜਿਆਂ ਅਤੇ ਲੰਗਰ ਦੀ ਸੇਵਾ ਕਰਦਾ ਰਿਹਾ। ਫਿਰ ਇਸ ਦਾ ਪਿਤਾ ਆਇਆ। ਉਹਨੇ ਅਰਜ਼ ਕੀਤੀ ਕਿ ਸੱਚੇ ਪਾਤਸ਼ਾਹ ਇਹ ਵਿਆਹਿਆ ਹੋਇਆ ਹੈ। ਸਿੰਘਣੀ ਪਿੱਛੇ ਹੈ। ਸਤਿਗੁਰੂ ਜੀ ਨੇ ਛੁੱਟੀ ਦੇ ਦਿਤੀ। ਫਿਰ ਇਹ ਆਪਣੇ ਘਰ ਚਲਾ ਗਿਆ।

ਫਿਰ ਸਤਿਗੁਰੂ ਜੀ ਪਾਕਪਟਨ ਦੇ ਇਲਾਕੇ ਵਿਚੋਂ ਲੰਘ ਕੇ, ਮਿੰਟਗੁਮਰੀ ਵਿਚੋਂ ਹੋ ਕੇ, ਸਮੁੰਦਰੀ ਤਸੀਲ ਲਾਇਲਪੁਰ, ਨਾਰੋਵਾਲ ਅਤੇ ਭੜੋਲਿਆਂ ਵਾਲੀ ਤੋਂ ਹੁੰਦੇ ਹੋਏ ਕੱਕੜੀ ਚਲੇ ਗਏ। ਇਹ ਕੱਕੜ ਲਾਇਲਪੁਰ ਜ਼ਿਲ੍ਹੇ ਵਿਚ ਹੀ ਸਨ। ਸਤਿਗੁਰੂ ਜੀ ਨੇ ਕੱਕੜ ਪਿੰਡ ਦੀ ਸੰਗਤ ਦੀ ਗੁਰੂ ਭਗਤੀ ਅਤੇ ਸ਼ਰਧਾ ਨੂੰ ਧਿਆਨ ਵਿਚ ਰੱਖਦਿਆਂ ਇਹਨੂੰ 'ਗੁਰੂ ਕੀ ਕਾਂਸ਼ੀ' ਦਾ ਖ਼ਿਤਾਬ ਦਿਤਾ ਸੀ। ਇਥੋਂ ਸਤਿਗੁਰੂ ਜੀ ਘਣੀਏਂ, ਪੈੜੇ, ਸੀਹੋਵਾਲ, ਗੂੰਨੇ, ਗੋਜਰੇ, ਪੱਧਰੀ, ਚੁਗਾਵਾਂ, ਜਾਹਣ, ਜਗਦੇਅ, ਜਹਾਂਗੀਰ ਆਦਿ ਨਗਰਾਂ ਨੂੰ ਤਾਰਦੇ ਹੋਏ ਸੱਦੋਵਾਲ ਭਾਈ ਸਾਉਣ ਸਿੰਘ ਦੇ ਘਰ ਆ ਉਤਾਰਾ ਕੀਤਾ। ਇਹ ਵੀ ਬੜਾ ਪੂਰਨ ਸਿੱਖ ਸੀ। ਇੱਥੇ ਦੌਰਾ ਚਾਰ ਪੰਜ ਦਿਨ ਰਿਹਾ। ਹੁਣ ਇੱਥੋਂ ਸਤਿਗੁਰੂ ਜੀ ਸੰਗਤਾਂ ਸਮੇਤ ਕਮਰ ਕੱਸੇ ਕਰਕੇ ਰੱਤੇ ਹੋਏ ਦੇ ਹੋਲੇ ਵਿਚ ਪੁਜ ਗਏ।

**ਰੱਤੇ ਹੋਏ ਦਾ ਹੋਲਾ ਬਿਕ੍ਰਮੀ 1973 ਮੁਤਾਬਿਕ 1917 ਈ.**

ਇਹ ਪਿੰਡ ਰੱਤਾ ਚੋਆ ਜ਼ਿਲ੍ਹਾ ਲਾਇਲਪੁਰ ਵਿਚ ਸੀ ਅਤੇ ਇਸ ਦੇ ਆਲੇ ਦੁਆਲੇ ਸੰਧੂਆਂ ਦਾ ਹੀ ਗੜ੍ਹ ਸੀ। ਇੱਥੋਂ ਦੇ ਲੋਕ ਚੰਗੇ ਖਾਂਦੇ ਪੀਂਦੇ ਸਰਦੇ ਪੁੱਜਦੇ ਗੁਜ਼ਾਰੇ ਵਾਲੇ ਲੋਕ ਸਨ। ਚੇਤ ਦੇ ਮਹੀਨੇ ਵਿਚ ਇੱਥੇ ਚਾਰ ਦਿਨ ਹੋਲਾ ਰਿਹਾ। ਸਤਿਗੁਰੂ ਜੀ ਜਦੋਂ ਸੰਗਤਾਂ ਵਿਚ ਸਜਦੇ, ਕੀਰਤਨ ਦੀਵਾਨ ਲਗਦੇ, ਸਿੰਘ ਮਸਤਾਨੇ ਹੁੰਦੇ ਤਾਂ ਇਕ ਅਜੀਬ ਜਿਹਾ ਦ੍ਰਿਸ਼ ਬਣ ਜਾਂਦਾ। ਸੰਤ ਜਿਊਣ ਸਿੰਘ ਜੀ ਸਰਹਾਲੀ ਵਾਲਿਆਂ ਦਾ ਵੀ ਇਸ ਇਲਾਕੇ ਵਿਚ ਕਾਫ਼ੀ ਤਪ ਤੇਜ ਸੀ। ਇਥੋਂ ਦੇ ਸਾਰੇ ਹੀ ਸਿੰਘ ਸਤਿਗੁਰੂ ਜੀ ਨੂੰ ਪੂਰਨ ਸਤਿਗੁਰੂ' ਸਮਝਦੇ ਸਨ।

**ਜ਼ੈਲਦਾਰ ਸਾਉਣ ਸਿੰਘ ਰੱਤਾ ਚੋਆ:**

ਸੰਤ ਕਾਫ਼ੀ ਸਮਾਂ ਰੁੱਤੇ ਹੋਏ ਜ਼ੈਲਦਾਰ ਪਾਸ ਹੀ ਟਿਕਦੇ ਸਨ। ਸੰਤਾਂ ਦਾ ਅੰਤ ਸਮਾਂ ਰੁੱਤੇ ਹੋਏ ਹੀ ਆਇਆ ਸੀ। ਇਕ ਪ੍ਰਸਿੱਧ ਨਾਮਧਾਰੀ ਸੰਤ ਜਦੋਂ ਰੱਤੇ ਚੋਏ ਸੰਤ ਜਿਊਣ ਸਿੰਘ ਚੜ੍ਹੇ ਸੁਣਕੇ ਆਇਆ ਤਾਂ ਉਸ ਪੁੱਛਿਆ ਕਿ ਅੰਤ ਸਮੇਂ ਸੰਤਾਂ ਨੇ ਕੋਈ ਬਚਨ ਕੀਤਾ ਤਾਂ ਘਰ ਵਾਲਿਆਂ ਦੱਸਿਆ ਸੰਤ ਕਹਿੰਦੇ ਸਨ ਸਾਨੂੰ ਸਿਰਹਾਲੀ ਲੈ ਚੱਲੋ। ਆਉਣ ਵਾਲੇ ਸੰਤਾਂ ਆਖਿਆ ਜੇ ਕਿਤੇ ਤੁਸੀਂ ਸੰਤਾਂ ਦਾ ਬਚਨ ਮੰਨ ਕੇ ਸਿਰਹਾਲੀ ਲੈ ਜਾਂਦੇ ਤਾਂ ਉਹਨਾਂ ਅਜੇ ਸਰੀਰ ਨਹੀਂ ਸੀ ਤਿਆਗਣਾ। ਸੰਤਾਂ ਦੇ ਆਖ਼ਰੀ ਸਮੇਂ ਵਿਚ ਵਰਨਾ ਵਾਲਾ ਲਾਭ ਸਿੰਘ ਕੱਕਾ ਵੀ ਸੰਤਾਂ ਪਾਸ ਇੱਥੇ ਰੁੱਤੇ ਚੋਏ ਹੀ ਰਹਿੰਦਾ ਹੁੰਦਾ ਸੀ। ਸੰਤਾਂ ਜਿਊਣ ਸਿੰਘ ਹੋਰਾਂ ਬਾਰੇ ਪ੍ਰਸਿੱਧ ਸੀ ਕਿ ਉਹ ਰਾਤ ਨੂੰ ਸੁੱਤੇ ਸੁੱਤੇ ਵੀ ਸਤਿਗੁਰੂ ਰਾਮ ਸਿੰਘ ਜੀ ਨਾਲ ਬਚਨ ਬਿਲਾਸ ਕਰਦੇ ਰਹਿੰਦੇ ਸਨ। ਇਕ ਵੇਰ ਸਰਗੋਧੇ ਦੀ ਬਾਰ ਵਿਚ ਸੰਤ ਆਪਣੇ ਦੂਜੇ ਭਾਈ ਕਿਸ਼ਨ ਸਿੰਘ ਦੇ ਪਰਿਵਾਰ ਵਿਚ ਬਿਰਾਜੇ ਸਨ।

**ਚਲਦਾ...**

# Guru Tegh Bahadur taught the next step for humanity



**Dr. D. P. Singh**
***M.Sc., Ph.D.***
***Director, Center for Understanding Sikhism***

The human mind is the most unique, powerful, and complex creation of Nature. It gives us the capability to discern things, know ourselves and the world. It helps us to adapt to our circumstances or change these to ensure our survival and wellbeing. The human mind possesses matchless creativity and extensive capacity to create its own reality. Sadly, the remarkable mind has been hijacked to the make-belief circle and the illusive world.

Guru Tegh Bahadur, the ninth Sikh Guru, is credited with 57 Salokas and 59 other compositions (Shabads), written in 15 Raagas (measures). His hymns are enshrined in Sri Guru Granth Sahib [1-4]. These hymns cover a diverse range of topics [5-8]. A dozen Shabds and over three dozen verses directly address the problems of the human mind and its effect on human destiny [7]. In his compositions, the Guru enunciates on the origin and the description of the animalistic habits of the human mind. He emphasizes that the mind's fickleness is the primary cause of unhappiness and failure in achieving our prescribed life goals.

The Guru urges that we can restrain and channelize our mental energies. A person can do so by diverting his/her mind from its animalistic tendencies and turning it to its innate longing for spiritual enlightenment. He emphasizes that with the continual longing for the Divine Grace (of Ek Onkaar) and by cultivating a compassionate and contented attitude, one can achieve the goal of harnessing one's mind.

**Mind: The Contrasting Views**

In response to the evolutionary challenges of our world, Western thinkers and philosophers are engaged in investigating the external world such as stars, galaxies and the universe. They are looking for ways to maneuver the natural environment to the human advantage or gain control over it.

In stark contrast, Eastern faiths, especially Sikhi**,** begins with a premise that the human mind is central to understand and manoeuvre through the natural world and human evolution. Sikhi points out that outside images are the reflection of the human mind. Gurbani repeatedly emphasized that human life is an opportunity to harness the mind to achieve life goals.

In the current terminology, the mann (mind) is described as the menome. Menome is a complete set of memes. British biologist Richard Dawkins proposed the term "meme" to describe a unit of intellectual or cultural

information perceived by human beings and survives long enough to be recognized as such [9-11]. Memes, as the coded units, can pass from menome to menome or from one human mind to another, impacting our thinking process. Mimetic information passes from one person to another, from one society to another, and from one generation to the next. This aspect of the memes makes it the instrument of future human evolution.

To understand the instinctive mind, we need to explore the prenatal human biography. We must look into the ancient period for sequences, from the lives of our animal and human ancestors, with whom we share the genetic connections [9-11]. Christian theology interprets prenatal human history as the principle of original sin. It postulates that humans are born with a sinful mind. The Oriental religions invoke the law of karma to define the development of the animalistic human mind. Modern science views the human mind as the total of animal and human evolution completed to date [9-11]. Whichever way one may interpret the mind, it is for sure that prenatal human biography has affected the human mind. It has occurred throughout the history of the animalistic world. Humans have passed through numerous life forms during the preceding life cycles, ranging from unicellular organisms to primitive humanoids. The Sikh theology supports this evolutionary principle when it says-

ਪਸੁ ਪੰਖੀ ਬਿਰਖ ਅਸਥਾਵਰ
ਬਹੁ ਬਿਧਿ ਜੋਨਿ ਭ੍ਰਮਿਓ ਅਤਿ ਭਾਰੀ॥

*I wandered a great deal in innumerable incarnations of species, including mountains, trees, birds, and beasts. (M. 5. SGGS, p. 1388)*

The existent animalistic tendencies in human beings are described in Gurbani as:

ਕਰਤੂਤਿ ਪਸੂ ਕੀ ਮਾਨਸ ਜਾਤਿ॥

*Although human beings belong to the homo-sapien class, yet their traits are those of sub-human animals. (M. 5, SGGS, p. 267)*

**Inherited sub-human experiences**

The prenatal history of the evolutionary experiences reveals that the doctrine of survival was the sole experience practiced for many life cycles. As imprinted on human minds, it guided our primitive human ancestors in selecting the best behavioural strategies for their physical survival in the periods of evolutionary history. They learnt to expend most of their time searching and fighting for food to satiate their hunger. They developed physical skills and mental anger to fight in self-defence when in danger or under attack. They wooed members of the opposite sex for procreation. In other words, their needs were of the sub-human type, and their acquired skills were animalistic at best compared to today's needs. Gurbani describes this occurrence as:

ਮਤਿ ਬੁਧਿ ਭਵੀ ਨ ਬੁਝਈ ਅੰਤਰਿ ਲੋਭ ਵਿਕਾਰੁ॥
ਲਖ ਚਉਰਾਸੀਹ ਭਰਮਦੇ ਭ੍ਰਮਿ ਭ੍ਰਮਿ ਹੋਇ ਖੁਆਰੁ॥

*People don't understand that their intellect and understanding are perverted. They are filled with greed and corruption. They wandered as lost and confused through millions of incarnations. They were ruined through these experiences during such wandering. (M. 3, SGGS, p. 27)*

These imprints of the sub-human

psyche are still present in us. These are the lessons from our sub-human history. But these are of a little advantage in the ever-developing new world. Instead, these imprints impede our spiritual progress. Furthermore, their expression in our present life becomes the cause of many sufferings as the human mind is nothing more than a menome of memes and genes. The meme-centered culture exhibits a substrate of pain and anguish.

**Meme-focussed Vision of Mind**

The memes are artifacts of the interaction of today's culture that build up the imprints of self-centred genes. The memes are self-centred as they are the ideas or experiences of others. The memes are adept in replicating and co-evolving with massive apathy to their effect on their host humans. They infect the mind so that the actual purpose of life is forgotten. It is horribly discomforting, disturbing, and degenerating. Guru Tegh Bahadur describes it in this way.

ਭੁਲਿਓ ਮਨੁ ਮਾਇਆ ਉਰਝਾਇਓ॥
ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪੁ ਬੰਧਾਇਓ ॥

*My mind is deluded due to its entanglement in the material world. Engaged in greed, whatever actions I do they only serve to bind me down. (M. 9, SGGS, p. 702)*

In reality, the cultural meme spread their copies through cultural messages. They rob one's mind of its meaning as a master. They take charge to make one's life very unpleasant and disgusting. A meme-focused vision of mind and culture is a powerful control mechanism. It imposes an imperceptible controlling structure on our language, scientific thinking, philosophical systems, political behaviour, religion, and even history. Thereby they all become tools of our confinement into never-ending misery. Perhaps, this is what compelled Guru Tegh Bahadur to describe the meme created by our popular cultures and mythology related to psychological bondage.

ਸਗਲ ਜਨਮ ਭਰਮ ਹੀ ਭਰਮ ਖੋਇਓ ਨਹ ਅਸਥਿਰ ਮਤਿ ਪਾਈ॥
ਬਿਖਿਆਸਕਤ ਰਹਿਓ ਨਿਸ ਬਾਸੁਰ ਨਹ ਛੂਟੀ ਅਧਮਾਈ॥

*Deluded by doubt, I have wasted my whole life. I have not obtained a stable intellect. I remain under the influence of corrupting sins, night and day, and I have not renounced wickedness. (M. 9, SGGS, p. 632)*

The cultural memes constitute the omnipresent environment that we live in today.

**Fickleness of Mind**

Though the human mind is the highest expression of Nature in the mortal world, it is inherently fickle. This characteristic of mind is the source of all the misery a person faces in his/her life. Several factors contribute to the mind's fickleness. The wavering nature of mind and its cause has been pointed out by Guru Tegh Bahadur as;

ਸਾਧੋ ਇਹੁ ਮਨੁ ਗਹਿਓ ਨ ਜਾਈ ॥
ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ ॥

*O, Wise Ones! This mind cannot be restrained. Fickle desires dwell with it, and so it doesn't remain steady. (M. 9, SGGS, p. 219)*

Gurbani defines fickleness of mind [8-9] as "continuously running after transient things, entangled in illusions, craftiness, and evil passions. It remains ever unsatisfied and begs for more and more worldly gains." Guru Tegh Bahadur indicates this reality in his verses as;

ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹੁ ਜਗ ਦੇਖਿ ਤਾਸਿ ਉਠਿ ਧਾਵੈ ॥

*Like the deer's delusion (mirage), this world is unreal (false), and yet, beholding it, one's mind chase after it. (M. 9, SGGS, p. 219)*

The fickleness of mind pushes away success in our daily life and is the biggest hindrance [11-12] on the path of spiritual realization. Until the causes of the fickleness of the mind are not removed, one does not experience peace. Guru Tegh Bahadur pointed out that one must restrain or channelize the mental energies [5-6].

**Harnessing the Mind**

Spiritual success is the removal of the fickleness of the mind. It comes with a continuous and consistent focus in a specific direction. We draw the grace for the mind's change and transformation through the self-effort of concentration and meditation. To tame the fickle mind, Guru Tegh Bahadur urges us to focus on the love of God.

ਮਨ ਰੇ ਸਾਚਾ ਗਹੋ ਬਿਚਾਰਾ ॥
ਰਾਮ ਨਾਮ ਬਿਨੁ ਮਿਥਿਆ ਮਾਨੋ ਸਗਰੋ ਇਹੁ ਸੰਸਾਰਾ ॥

*O, Mind! Embrace true contemplation. Except the love of God, know that this whole world is false. (M. 9, SGGS, p. 703)*

In his verses, Guru Tegh Bahadur articulates that the human mind is based on two factors. The first factor is the evolutionary past of our species, which is dominated by five inborn urges of lust, anger, avarice, attachment, and narcissism. The second factor is realizing one's finite existence and aspiration to transcend one's finitude by relating oneself to the transcendent Infinite Wisdom (God). Often the urge to God-realization lies submerged in mind, and we live an ego-centred life. The ego-centred life is built on a false view of a world called 'maya.' Transitory things allure a human being towards maya. It deprives a person of his/her mind's potentiality to rise to the vision of Infinite Wisdom. Guru Tegh Bahadur proclaims that by seeking the help of the Infinite Wisdom (Ek Onkaar), one could achieve the goal of diverting the mind from animalistic tendencies (e.g. instability of mind, discontent, greed, fear, selfishness, deceit, fanaticism, prejudice, caste, colour and creed divisions, and indifference to spiritual advancements) and redirect it towards attaining spiritual enlightenment. He emphasizes that contemplation on the Infinite Wisdom helps control the mind and achieve everlasting quietude.

ਮਾਈ ਮੈ ਧਨੁ ਪਾਇਓ ਹਰਿ ਨਾਮੁ ॥
ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ ॥

*O, Mother! I have gained the wealth of the Lord's Name (love of God). My mind has stopped wandering, and now, it has come to rest. (M. 9, SGGS, p. 1186)*

**Transformation of Mind**

Guru Tegh Bahadur emphasized the real damage our memes and their storehouse (mind) cause to our life goals. Under the control of genes, memes, genetic instructions, and mimetic lessons, the human mind provides generic wisdom. It applies only to physical and environmental situations. It prompts us to act in ways that have been generally useful in the past for similar situations. For instance, human beings might be genetically equipped to avoid a snake or other dangerous animal but incapable of

avoiding unscrupulous salespersons, clerics, saints, and many materialistic role models, who may be more poisonous for our consciousness and spiritual goals. Thus, such wisdom is mismatched to our needs for enlightenment.

The Guru insists on the transformation of our mind. A human being must demolish the barriers of the self-centred ego that separates him/her from Infinite Wisdom. For a person, contemplation of God must not be an extrinsic act of ritualistic exhibition but a psychological act of communion, of imbibing the virtues of humility and internal cleansing. Guru Tegh Bahadur proclaims:

ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥
ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥

*If someone goes on pilgrimages to sacred shrines, observes ritualistic fasts, and makes donations to charities but takes pride in such actions, Nanak says: the person's such efforts are futile. Such a person is like an elephant, who takes a bath and then rolls in the dust. (M. 9, SGGS, p. 1428)*

ਤੀਰਥ ਕਰੈ ਬ੍ਰਤ ਫੁਨਿ ਰਾਖੈ ਨਹ ਮਨੂਆ ਬਸਿ ਜਾ ਕੋ ॥
ਨਿਹਫਲ ਧਰਮੁ ਤਾਹਿ ਤੁਮ ਮਾਨਹੁ ਸਾਚੁ ਕਹਤ ਮੈ ਯਾ ਕਉ ॥

*By bathing at sacred shrines and adhering to fasts, even if one has no control over one's mind, then such a religion is of no use to the person. (M. 9, SGGS, p. 831)*

Cognizing the power of human will, the Guru proclaims that it is within one's ability to control one's lower passions and form a bond with Infinite Wisdom (God).

ਪਰ ਨਿੰਦਾ ਉਸਤਤਿ ਨਹ ਜਾ ਕੈ ਕੰਚਨ ਲੋਹ ਸਮਾਨੋ॥
ਹਰਖ ਸੋਗ ਤੇ ਰਹੈ ਅਤੀਤਾ ਜੋਗੀ ਤਾਹਿ ਬਖਾਨੋ॥

*A person, who is indifferent to slander or praise, looks upon gold and iron alike and is free from pleasure and pain; he/she alone is called a true Yogi (a markedly reflective or mystical person). (M. 9, SGGS, p. 685)*

**Conclusions**

Due to the continuing cultural imprisonment, the human mind keeps wandering and never learns to calm down and be still. The fickleness of mind has become so strong in present times that it has rendered us helpless. Guru Teg Bahadur again warned us about this helplessness. Guru Tegh Bahadur enunciates that a human being ought to seek the grace of the "Infinite Wisdom" for saving himself/herself from the grips of the animalistic mind. Guru Tegh Bahadur's writings alert us about many human tendencies (e.g. seeking divine guidance, divine grace, spiritual wisdom and mindfulness of divinity) that should be nourished to weaken the animalistic tendencies. He outlined the endeavour of naam simran (contemplation) to train the mind so that it could be diverted towards spirituality to experience divinity. He states that through naam simran, one can obtain the quietude of mind and achieve bliss.

Guru Tegh Bahadur's paradigm allows us to manipulate complex patterns of replicating memes into spirituality. This paradigm takes control of human behaviour away from the materialistic cultures and hands them over to the inner faculties of human consciousness, leading to pure bliss. There is no pain in that quiescent state. Guru Tegh Bahadur illustrates this paradigm in his hymns as:

ਸਾਧੋ ਮਨ ਕਾ ਮਾਨੁ ਤਿਆਗਉ॥
ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿਭਾਗਉ॥੧॥ਰਹਾਉ॥
ਸੁਖਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁਅਪਮਾਨਾ॥
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁਪਛਾਨਾ॥੧॥
ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁਨਿਰਬਾਨਾ॥
ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿਜਾਨਾ ॥੨॥

*O Holy Saints! Forsake narcissism. Make it your daily routine to shirk sexual desire, anger and the company of evil people. ||1||Pause|| One who treats pain and pleasure, honour and dishonour in the same way and remains aloof to joy and sorrow, realizes the true essence in the world. ||1|| Renouncing praise and slander; he/she seeks salvation. Nanak says, it is such a difficult task that only a few spiritually enlightened persons (Gurmukhs) understand it! (M. 9, SGGS, p. 219)*

The state of the person, who has attained salvation is also described by Guru Tegh Bahadur in his hymns, as:

ਮਾਈ ਮੈ ਧਨੁ ਪਾਇਓ ਹਰਿ ਨਾਮੁ॥
ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ ॥੧॥ ਰਹਾਉ॥
ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ॥
ਲੋਭ ਮੋਹ ਏਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨ॥੧॥
ਜਨਮਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ॥
ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ॥੨॥
ਜਾ ਕਉ ਹੋਤ ਦਇਆਲੁ ਕਿਰਪਾ ਨਿਧਿ ਸੋ ਗੋਬਿੰਦ ਗੁਨਗਾਵੈ॥
ਕਹੁ ਨਾਨਕ ਇਹ ਬਿਧਿ ਕੀ ਸੰਪੈ ਕੋਊ ਗੁਰਮੁਖਿ ਪਾਵੈ॥੩॥

*O mother, I have received the blessings of the Creator. Now, my mind has lost its fickleness and obtained peace. ||1||Pause|| Worldly desires have left me, and immaculate spiritual wisdom has welled up within. Greed and attachment don't entice me now; I am blessed with the devotional worship of the Divine. ||1|| The cynicism of countless lifetimes is eradicated with the grace of the Divine (naam). My mind is bereft of all its desires, and peace is prevailing within. ||2|| The person, to whom the Merciful ONE blesses, sings the Glorious Praises of the Divine. Nanak says that this state is obtained only by a Gurmukh (spiritually enlightened person). ||3| (M.9, SGGS, p. 1186).*

**References**


1. Sri Guru Granth Sahib, 1983 (Reprint), S.G. P. C., Amritsar. pp 1-1430.

2. Sant Singh Khalsa, English translation of Sri Guru Granth Sahib.

4. Sahib Singh, Sri Guru Granth Darpan,

5. D. P. Singh, Teachings of Sri Guru Tegh Bahadur Ji: A Perspective, Studies in Sikhism and Comparative Religion, XLIV(2) (July-December 2020) 48-70.

6. Devinder Pal Singh, Holistic Vision of Sri Guru Tegh Bahadur Ji, The Sikh Review, 69 (5), (2021) 12-22.

7. Pritpal Singh, Guru Tegh Bahadur on the Human Mind, 16th Jan.2014,

8. Hardev Singh Virk, A Critical Analysis of Bani of Guru Tegh Bahadur, The Sikh Review, 69(5), (2021), 41-45.

9. Harbans Lal, Habits of Mind: An Evolutionary Perspectives, From Both Sides of Ocean, 44 (March-April 1998), 10-12.

10. Harbans lal, The Habit of Mind: Restlessness. From Both sides of the Ocean, 45 (May-June 1998), 16-18.

11. Harbans Lal, Harness the Mind to Win the World, Understanding Sikhism, 6 (1), (January-June 2004), 23-27, 16.

12. H. S. Virk, Concept of Mind, Body, and Soul in the Sikh Scripture (SGGS), Jan 2018,


..........................................................

# ਖ਼ਬਰਨਾਮਾ

## ਅਬਚਲ ਨਗਰ ਸ੍ਰੀ ਹਜ਼ੂਰ ਸਾਹਿਬ ਨੰਦੇੜ ਦਾ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦਾ ਦੌਰਾ

ਦਸ਼ਮੇਸ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਭਾਰਤ ਦੇ ਦੱਖਣ ਇਲਾਕੇ ਦੀ ਧਰਤੀ ਜਿਸ ਨੂੰ ਇਹ ਮਾਨ ਹਾਸਲ ਹੈ ਕਿ ਉਹਨਾਂ ਨੇ ਆਪਣੇ ਕਾਰਜ ਕਾਲ ਦਾ ਕੁਝ ਸਮਾਂ ਏਥੇ ਬਤਾਇਆ ਅਤੇ ਇਸ ਧਰਤੀ ਤੇ ਰਹਿ ਕੇ ਅਨੇਕਾਂ ਕੌਤਕ ਕੀਤੇ। ਸਿੱਖ ਜਗਤ ਵੱਲੋਂ ਅੱਜ ਦੇ ਸਮੇਂ ਵਿੱਚ ਉਹਨਾਂ ਇਤਿਹਾਸਿਕ ਥਾਵਾਂ ਤੇ ਉਸਾਰੇ ਹੋਏ ਗੁਰਦੁਆਰਾ ਸਾਹਿਬ ਇਸ ਗੱਲ ਦੀ ਗਵਾਹੀ ਭਰਦੇ ਹਨ। ਜੋ ਵੀ ਸ਼ਰਧਾਲੂ ਇਸ ਧਰਤੀ ਦੀ ਯਾਤਰਾ ਲਈ ਜਾਂਦੇ ਹਨ ਉਹ ਸਭ ਇਹ ਗੱਲ ਸੋਚਣ ਲਈ ਮਜ਼ਬੂਰ ਹੋ ਜਾਂਦੇ ਹਨ ਕਿ ਕਿਹੜੇ ਹਾਲਾਤਾਂ ਵਿੱਚ ਦਸਮੇਸ਼ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਨਾ ਸਰਬੰਸ ਵਾਰ ਕੇ ਇਸ ਧਰਤੀ ਤੇ ਆਣ ਡੇਰਾ ਲਾਇਆ ਅਤੇ ਆਪਣੇ ਜੀਵਨ ਦੇ ਉਹ ਦਿਨ ਕਿਸ ਹਲਾਤਾਂ ਵਿੱਚ ਇਸ ਧਰਤੀ ਤੇ ਗੁਜਾਰੇ ਹੋਣਗੇ। ਹਰ ਸਿੱਖ ਸ਼ਰਧਾਲੂ ਦੀ ਇਹ ਤੀਬਰ ਇੱਛਾਂ ਹੁੰਦੀ ਹੈ ਕਿ ਉਹ ਇਸ ਅਬਚਲ ਨਗਰ ਸ੍ਰੀ ਹਜ਼ੂਰ ਸਾਹਿਬ ਦੀ ਧਰਤੀ ਨੂੰ ਸ਼ਰਧਾ ਅਤੇ ਸਤਿਕਾਰ ਨਾਲ ਸਿਰ ਝੁਕਾ ਕੇ ਆਵੇ। ਮਹਾਂਰਾਸਟਰ ਸਟੇਟ ਦਾ ਜ਼ਿਲ੍ਹਾ ਹੈ ਅਬਚਲ ਨਗਰ ਸ੍ਰੀ ਹਜ਼ੂਰ ਸਾਹਿਬ ਨੰਦੇੜ।

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ ਅਤੇ ਪ੍ਰਬੰਧਕਾਂ ਵੱਲੋਂ ਉਲੀਕੇ ਹੋਏ ਪ੍ਰੋਗਰਾਮ ਦੇ ਮੁਤਾਬਿਕ ਸ੍ਰੀ ਭੈਣੀ ਸਾਹਿਬ ਤੋਂ ਸੰਤ ਨਿਸ਼ਾਨ ਸਿੰਘ ਜੀ ਕਥਾਵਾਚਕ ਅਤੇ ਦਿੱਲੀ ਤੋਂ ਸ. ਪਰਮਜੋਤ ਸਿੰਘ ਕੁਝ ਦਿਨ ਪਹਿਲਾਂ ਜਾ ਕੇ ਸਾਰੇ ਪ੍ਰਬੰਧ ਦੀ ਰੂਪ ਰੇਖਾ ਤਿਆਰ ਕਰਕੇ ਆਏ ਸਨ। ਉਸ ਬਣਾਏ ਹੋਏ ਪ੍ਰੋਗਰਾਮ ਦੇ ਮੁਤਾਬਿਕ ਸ੍ਰੀ ਭੈਣੀ ਸਾਹਿਬ ਤੋਂ ਸ੍ਰੀ ਸਤਿਗੁਰੂ ਜੀ ਦੇ ਹਜ਼ੂਰੀ ਸੇਵਕਾਂ ਸਹਿਤ **ਮਿਤੀ 17 ਦਸੰਬਰ 2024 ਦਿਨ ਮੰਗਲਵਾਰ** ਨੂੰ ਇਕ ਜਥਾ ਚੰਡੀਗੜ੍ਹ ਤੋ ਹਵਾਈ ਸਫ਼ਰ ਰਾਹੀ ਹੈਦਰਾਬਾਦ ਪਹੁੰਦਿਆ ਜਿਥੇ ਸ. ਰਤਨ ਸਿੰਘ ਪੁੱਤਰ ਰਜਿੰਦਰ ਸਿੰਘ ਦੇ ਘਰ ਅਸਵਪੁਰ ਪਹੁੰਚ ਪ੍ਰਸ਼ਾਦ ਪਾਣੀ ਛਕਣ ਉਪਰੰਤ ਅਗਲਾ ਸਫ਼ਰ ਸੜਕੀ ਰਸਤੇ ਗੱਡੀਆਂ ਰਾਹੀ ਤਹਿ ਕਰਕੇ ਸ਼ਾਮ 5 ਵਜੇ ਤੱਕ ਇਹ ਜਥਾ ਸ੍ਰੀ ਹਜ਼ੂਰ ਸਾਹਿਬ ਪਹੁੰਚਿਆ।

**ਮਿਤੀ 16 ਦਸੰਬਰ 2024 ਦਿਨ ਸੋਮਵਾਰ** ਨੂੰ ਲੁਧਿਆਣਾ ਤੋਂ ਤਕਰੀਬਨ 30 ਦੇ ਕਰੀਬ ਸਿੰਘਾਂ ਦਾ ਇਕ ਜਥਾ ਸਚਖੰਡ ਐਕਸਪ੍ਰੈਕਸ ਰੇਲ ਰਾਹੀ ਸਫ਼ਰ ਕਰਦਾ ਹੋਇਆ ਸ਼ਾਮ ਪੰਜ ਵਜੇ ਤੱਕ ਅਬਚਲ ਨਗਰ ਸ੍ਰੀ ਹਜ਼ੂਰ ਸਾਹਿਬ ਦੇ ਰੇਲਵੇ ਸਟੇਸ਼ਨ ਤੇ ਪਹੁੰਚ ਚੁੱਕਾ ਸੀ। ਸਾਰੀ ਸੰਗਤ ਦੇ ਠਹਿਰਨ ਅਤੇ ਡੇਰਿਆਂ ਦਾ ਪ੍ਰਬੰਧ ਭਾਈ ਦਇਆ ਸਿੰਘ ਯਾਤਰੀ ਨਿਵਾਸ ਵਿੱਚ ਕੀਤਾ ਹੋਇਆ ਸੀ। ਸੰਗਤ ਦੇ ਲੰਗਰ ਲਈ ਸੰਤ ਨਗਰ ਤੋਂ ਗਏ ਹੋਏ ਲਾਂਗਰੀਆਂ ਦਾ ਜਥਾ ਜਿਸ ਦੀ ਅਗਵਾਈ ਬਲਦੇਵ ਸਿੰਘ ਅਤੇ ਸਬੇਗ ਸਿੰਘ ਕਰ ਰਹੇ ਸਨ। ਲੰਗਰ ਲਈ ਬਰਤਨਾ ਦਾ ਪ੍ਰਬੰਧ ਔਰੰਗਾਬਾਦ ਤੋਂ ਸ. ਗੁਰਮੀਤ ਸਿੰਘ ਪੁੱਤਰ ਸੇਠ ਹਰਭਜਨ ਸਿੰਘ ਔਰੰਗਾਬਾਦ ਨੇ ਕਰਕੇ ਇਕ ਛੋਟੇ ਟਰੱਕ ਰਾਹੀ ਪਹੁੰਚਾ ਦਿੱਤੇ ਗਏ ਸਨ। ਸੰਗਤ ਦੇ ਪਹੁੰਚਣ ਤੋਂ ਪਹਿਲਾਂ ਲੰਗਰ ਤਿਆਰ ਸੀ ਅਤੇ ਸਾਧ ਸੰਗਤ ਨੇ ਲੰਗਰ ਛਕਿਆ। ਲੰਗਰ ਦਾ ਪ੍ਰਬੰਧ ਬਣਾਉਣ ਅਤੇ ਛਕਾਉਣ ਦਾ ਬਾਬਾ ਜੋਗਿੰਦਰ ਸਿੰਘ ਜੀ ਦੀ ਯਾਦ ਵਿੱਚ ਉਸਾਰੀ ਗਈ ਬਹੁਤ ਹੀ ਸੁੰਦਰ ਬਿਲਡਿਗ ਜਿਸ ਨੂੰ ਬਾਬਾ ਜੋਗਿੰਦਰ ਸਿੰਘ ਗੁਰਮਤਿ ਵਿਦਿਆਲੇ ਦਾ ਨਾਮ ਰੱਖਿਆ ਗਿਆ ਹੈ। ਤਿੰਨ ਮੰਜਲਾਂ ਇਸ ਇਮਾਰਤ ਜਿਸ ਵਿੱਚ ਬੱਚਿਆਂ ਲਈ ਗੁਰਬਾਣੀ ਸੰਥਿਆਂ ਦੀ ਕਲਾਸਾਂ ਅਤੇ ਗੁਰਮਤਿ ਸੰਗੀਤ ਸਿੱਖਿਆਂ ਦੀ ਕਲਾਸਾਂ ਲੱਗਦੀਆਂ ਹਨ। ਬੱਚਿਆਂ ਨੂੰ ਆਦਿ ਸ੍ਰੀ ਗ੍ਰੰਥ ਸਾਹਿਬ ਦੀ ਸੰਥਿਆਂ ਦੇ ਨਾਲ-ਨਾਲ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਦੀ ਸੰਥਿਆਂ ਵੀ ਦਿੱਤੀ ਜਾਂਦੀ ਹੈ ਜੋ ਕਿ ਬਹੁਤ ਹੀ ਸਲਾਘਾਂਯੋਗ ਕਾਰਜ ਹੈ। ਇਸ ਸਥਾਨ ਤੇ ਨਾਮਧਾਰੀ ਸਾਧ ਸੰਗਤ ਲਈ ਲੰਗਰ ਬਣਾਉਣ ਅਤੇ ਛਕਾਉਣ ਦਾ ਪ੍ਰਬੰਧ ਕੀਤਾ ਗਿਆ ਸੀ।

ਸ਼ਾਮ ਹਨੇਰਾ ਹੋਣ ਤੱਕ ਸਭ ਸੰਗਤਾਂ ਪ੍ਰਸ਼ਾਦਾ ਛਕਣ ਉਪਰੰਤ ਆਪੋ-ਆਪਣੇ ਡੇਰਿਆਂ ਵਿੱਚ ਅਰਾਮ ਕਰਨ ਲਈ ਚਲੀਆ ਗਈਆਂ। ਅਸੀਂ ਕੁਝ ਸਰੀਰ ਜਿਹਨਾਂ ਵਿੱਚ ਹਜ਼ੂਰੀ ਸੇਵਕ ਆਸਾ ਸਿੰਘ, ਕਰਤਾਰ ਸਿੰਘ, ਸੰਤ ਨਿਸ਼ਾਨ ਸਿੰਘ, ਸ. ਸੁਵਰਨ ਸਿੰਘ ਵਿਰਕ ਅਤੇ ਜਥੇ. ਨਿਸ਼ਾਨ ਸਿੰਘ ਦਿੱਲੀ ਹਾਜਰ ਸਨ ਸ੍ਰੀ ਹਜ਼ੂਰ ਸਾਹਿਬ ਦੇ ਮੁੱਖੀ ਜਥੇਦਾਰ

ਸਿੰਘ ਸਾਹਿਬ ਗਿਆਨੀ ਕੁਲਵੰਤ ਸਿੰਘ ਜੀ ਨਾਲ ਅਗਲੇ ਦਿਨ ਦੇ ਪ੍ਰੋਗਰਾਮ ਦੀ ਰੂਪ ਰੇਖਾ ਤਿਆਰ ਕਰਨ ਲਈ ਸਮਾਂ ਲੈ ਕੇ ਮਿਲਣ ਲਈ ਗਏ ਉਸ ਸਮੇਂ ਸਹਾਇਕ ਜਥੇਦਾਰ ਗਿਆਨੀ ਰਾਮ ਸਿੰਘ ਜੀ ਵੀ ਹਾਜ਼ਰ ਸਨ। ਸਿੰਘ ਸਾਹਿਬ ਗਿਆਨੀ ਕੁਲਵੰਤ ਸਿੰਘ ਜੀ ਨਾਲ ਪਿਆਰ ਅਤੇ ਪ੍ਰੇਮ ਭਰੀ ਮਿਲਣੀ ਨੇ ਸਭ ਨੂੰ ਪ੍ਰਭਾਵਿਤ ਕੀਤਾ। ਅਗਲੇ ਦਿਨ ਦੇ ਸਾਰੇ ਪ੍ਰੋਗਰਾਮ ਦੀ ਰੂਪ ਰੇਖਾ ਤਿਆਰ ਕਰਕੇ ਅਸੀਂ ਵੀ ਸਾਰੇ ਸੱਜਣ ਆਪੋ-ਆਪਣੇ ਡੇਰੇ ਆਣ ਵਿਸ਼ਰਾਮ ਕੀਤਾ।

**ਮਿਤੀ 18 ਦਸੰਬਰ 2024 ਦਿਨ ਬੁੱਧਵਾਰ-** ਸ੍ਰੀ ਸਤਿਗੁਰੂ ਉਦੇ ਸਿੰਘ ਜੀ ਬੰਗਲੌਰ ਤੋਂ ਹਵਾਈ ਸਫ਼ਰ ਰਾਹੀ ਨੰਦੇੜ ਹਵਾਈ ਅੱਡੇ ਪਹੁੰਚੇ ਤਾਂ ਸਾਧ ਸੰਗਤ ਸ੍ਰੀ ਸਤਿਗੁਰੂ ਜੀ ਦੇ ਸੁਆਗਤ ਅਤੇ ਲੈਣ ਲਈ ਹਵਾਈ ਅੱਡੇ ਨੰਦੇੜ ਵਿਖੇ ਹਾਜ਼ਰ ਸੀ। ਸ੍ਰੀ ਸਤਿਗੁਰੂ ਜੀ ਹਵਾਈ ਅੱਡੇ ਤੋਂ ਗੱਡੀ ਵਿੱਚ ਸਵਾਰ ਜਿਸਦਾ ਨੰ. P.B. 65 B.F 1749 M.G. ਦੀ ਹੈਕਟਰ ਪਲੱਸ ਵਿੱਚ ਸਵਾਰ ਹੋਏ ਜਿਸ ਨੂੰ ਸ. ਜੀਵਨਜੋਤ ਸਿੰਘ ਪੁੱਤਰ ਸ. ਜੰਗਬਹਾਦਰ ਸਿੰਘ ਦਿੱਲੀ ਚਲਾ ਰਿਹਾ ਸੀ। ਸ੍ਰੀ ਸਤਿਗੁਰੂ ਜੀ ਸਭ ਤੋਂ ਪਹਿਲਾਂ "ਬਾਬਾ ਜੋਗਿੰਦਰ ਸਿੰਘ ਮੋਨੀ" ਟਕਸਾਲ ਵਿਖੇ ਇਕ ਹਾਲ ਵਿੱਚ ਸੰਗਤ ਨੂੰ ਦਰਸਨ ਦਿੱਤੇ। ਸੰਗਤ ਨੇ ਆਦਰ ਸਹਿਤ ਭੇਟਾ ਧਰ ਨਮਸਕਾਰ ਕੀਤੀ। ਸੰਗਤ ਕਾਫੀ ਵੱਡੀ ਗਿਣਤੀ ਵਿੱਚ ਦਿੱਲੀ, ਹਨੂਮਾਨਗੜ ਜੋੜਕੀਆਂ, ਹੈਦਰਾਬਾਦ, ਔਰੰਗਾਬਾਦ, ਪੰਜਾਬ ਭੈਣੀ ਸਾਹਿਬ, ਯੂ.ਪੀ. ਮਲਕ ਫਾਰਮ, ਯਮੁਨਾਨਗਰ, ਸੰਤ ਨਗਰ ਆਦਿ ਥਾਵਾਂ ਤੋਂ ਪਹੁੰਚ ਚੁੱਕੀ ਸੀ। ਏਥੋਂ ਹੀ ਸ੍ਰੀ ਸਤਿਗੁਰੂ ਜੀ ਸੰਗਤ ਵੱਡੇ ਜਥੇ ਨਾਲ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਅਸਥਾਨ ਤਖਤ ਸੱਚਖੰਡ ਸਾਹਿਬ ਵਿਖੇ ਸ਼ਰਧਾ ਅਤੇ ਸਤਿਕਾਰ ਭੇਟ ਕਰਨ ਲਈ ਚਾਲੇ ਪਾਏ। ਉਸ ਸਮੇਂ ਦੀ ਸੋਭ ਲਈ ਸਿਰ ਇਹ ਹੀ ਆਖਿਆ ਜਾ ਸਕਦਾ ਹੈ ਕਿ "ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨ" ਕਬੀਰ ਜੀ ਦੇ ਕਥਨ ਅਨੁਸਾਰ ਉਸ ਨਜ਼ਾਰੇ ਨੂੰ ਸ਼ਬਦਾਂ ਜਾਂ ਅੱਖਰਾਂ ਨਾਲ ਬਿਆਨ ਨਹੀਂ ਕੀਤਾ ਜਾ ਸਕਦਾ, ਨਾਮਧਾਰੀ ਇਤਿਹਾਸ ਵਿੱਚ ਅੱਜ ਦਾ ਦਿਨ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਜਾਣ ਦਾ ਦਿਨ ਸੀ। ਜਦੋਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਇੰਨੇ ਵੱਡੇ ਜਥੇ ਦੇ ਰੂਪ ਵਿੱਚ ਤੁਰੇ ਜਾ ਰਹੇ ਸਨ ਤਾਂ ਸਭ ਲੋਕ ਇਕੋ ਪਹਿਰਾਵੇ ਵਿੱਚ ਸੰਗਤ ਦੇ ਵੱਡੇ ਇਕੱਠ ਨੂੰ ਦੇਖ ਕੇ ਪੁੱਛ ਰਹੇ ਸਨ ਕਿ ਕੌਣ ਹਨ ਅਤੇ ਕਿਥੋਂ ਆਏ ਹਨ। ਜਿਸ ਵਕਤ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਸੱਚਖੰਡ ਤਖਤ ਸ੍ਰੀ ਹਜ਼ੂਰ ਸਾਹਿਬ ਅਬਚਲ ਨਗਰ ਨੰਦੇੜ ਵਿਖੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚੱਲ ਰਹੇ ਪਾਠਾਂ ਦੀ ਪ੍ਰਵਾਹ ਦੇ ਦਰਸ਼ਨ ਕਰਕੇ ਦੋਨੋਂ ਹਸਤ ਕਵਲ ਜੋੜ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਵਿੱਚ ਆਪਣਾ ਸੀਸ ਝੁਕਾ ਕੇ ਸ਼ਰਧਾ ਅਤੇ ਸਤਿਕਾਰ ਭੇਂਟ ਕੀਤਾ ਤਾਂ ਉਸ ਸਮੇਂ ਤਖਤ ਸੱਚਖੰਡ ਹਜ਼ੂਰ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਵੰਤ ਸਿੰਘ ਜੀ ਨੇ ਬੜੇ ਹੀ ਪਿਆਰ ਅਤੇ ਸਤਿਕਾਰ ਨਾਲ ਮੁਸਕਰਾ ਕੇ ਸੁੰਦਰ ਫੁੱਲਾਂ ਦੇ ਹਾਰ ਇਕ ਦੁਸ਼ਾਲਾਂ ਅਤੇ ਸਿਰੋਪਾਉ ਸ੍ਰੀ ਸਤਿਗੁਰੂ ਜੀ ਪਹਿਨਾਇਆ। ਜਿਸ ਨੂੰ ਸ੍ਰੀ ਸਤਿਗੁਰੂ ਜੀ ਆਦਰ ਸਹਿਤ ਸਵੀਕਾਰ ਕੀਤਾ ਇਹ ਇਕ ਇਤਿਹਾਸਿਕ ਪਲ ਸਨ ਜਿਸ ਨੂੰ ਆਪੋ-ਆਪਣੇ ਕੈਮਰਿਆਂ ਵਿੱਚ ਕੈਦ ਕਰਨ ਲਈ ਸ੍ਰੀ ਭੈਣੀ ਸਾਹਿਬ ਦੀ ਟੀਮ ਸੁਰਤਪਾਲ ਸਿੰਘ ਅਤੇ ਬੰਤਾ ਸਿੰਘ ਹਾਜ਼ਰ ਸਨ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿੱਚ ਤਖਤ ਵੱਲੋਂ ਪੰਜ ਨਾਮਧਾਰੀ ਸਿੰਘਾਂ ਨੂੰ ਵੀ ਸਿਰੋਪਾਉ ਦਿੱਤੇ ਗਏ ਜਿਹਨਾਂ ਵਿੱਚ ਸੰਤ ਨਿਸ਼ਾਨ ਸਿੰਘ ਕਥਾਵਾਚਕ ਸ੍ਰੀ ਭੈਣੀ ਸਾਹਿਬ, ਸ. ਸੁਵਰਨ ਸਿੰਘ ਵਿਰਕ, ਸੂਬਾ ਬਲਵਿੰਦਰ ਸਿੰਘ ਝੱਲ, ਸ. ਗੁਰਲਾਲ ਸਿੰਘ ਕਥਾਵਾਚਕ ਸ੍ਰੀ ਭੈਣੀ ਸਾਹਿਬ ਅਤੇ ਸੇਵਕ ਕਰਤਾਰ ਸਿੰਘ ਸ਼ਾਮਲ ਸਨ।

ਤਖਤ ਸੱਚਖੰਡ ਵਿਖੇ ਨਮਸਕਾਰ ਕਰਨ ਉਪਰੰਤ ਤਖਤ ਦੇ ਸਹਾਇਕ ਜਥੇਦਾਰ ਗਿਆਨੀ ਰਾਮ ਸਿੰਘ ਜੀ ਨੇ ਸ੍ਰੀ ਸਤਿਗੁਰੂ ਜੀ ਨੂੰ ਨਾਲ ਹੀ ਬਣੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪੰਜ ਪਿਆਰਿਆਂ ਵਿੱਚ ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਦੀ ਯਾਦ ਵਿੱਚ ਉਸਾਰੀਆਂ ਯਾਦਗਾਰਾਂ ਦੇ ਵੀ ਦਰਸ਼ਨ ਕਰਵਾਏ ਜਿਥੇ ਪਵਿੱਤਰ ਗੁਰਬਾਣੀ ਦੇ ਪਾਠਾਂ ਦਾ ਪ੍ਰਵਾਹ ਚੱਲ ਰਿਹਾ ਸੀ। ਇਹਨਾਂ ਇਤਿਹਾਸਿਕ ਥਾਵਾਂ ਦੇ ਦਰਸ਼ਨ ਮੇਲੇ ਕਰਨ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸਿੰਘ ਸਾਹਿਬ ਗਿਆਨੀ ਕੁਲਵੰਤ ਸਿੰਘ ਜੀ ਦੇ ਨਿਵਾਸ ਸਥਾਨ ਤੇ ਪਧਾਰੇ ਜਿਥੇ ਗਿਆਨੀ ਜੀ ਨੇ ਬਹੁਤ ਹੀ ਸ਼ਰਧਾ, ਸਤਿਕਾਰ ਅਤੇ ਪਿਆਰ ਨਾਲ ਭਿੱਜੇ ਹੋਏ ਸ਼ਬਦਾਂ ਵਿੱਚ ਸ੍ਰੀ ਸਤਿਗੁਰੂ ਜੀ ਨੂੰ "ਜੀ ਆਇਆ" ਆਖਿਆ ਇਸ ਪ੍ਰੇਮ ਭਰੀ ਮਿਲਣੀ ਦਾ ਆਪਨਾ ਹੀ ਅਨੰਦਤ ਸਮਾਂ ਸੀ। ਸਿੰਘ ਸਾਹਿਬ ਗਿਆਨੀ ਕੁਲਵੰਤ ਸਿੰਘ ਜੀ ਨੇ ਨਾਮਧਾਰੀ ਸੋਧੀ ਲਾਂਗਰੀਆਂ ਦਾ ਤਿਆਰ ਕੀਤਾ ਪ੍ਰਸ਼ਾਦਾ ਸ੍ਰੀ ਸਤਿਗੁਰੂ ਜੀ ਦੇ ਨਾਲ ਬੈਠ ਕੇ ਛਕਿਆ। ਸ੍ਰੀ ਸਤਿਗੁਰੂ ਜੀ ਨੇ ਏਥੇ ਪ੍ਰਸ਼ਾਦਾ ਛਕਣ ਉਪਰੰਤ ਕੁਝ ਸਮਾਂ ਬਿਤਾਇਆ ਅਤੇ ਕਾਫ਼ੀ ਬਚਨ ਬਿਲਾਸ

ਕੀਤੇ ਜਿਕਰਯੋਗ ਹੈ ਕਿ ਗਿਆਨੀ ਕੁਲਵੰਤ ਸਿੰਘ ਜੀ ਨੇ ਸਿੱਖ ਪੰਥ ਦੀ ਵਿਦਵਾਨ ਹਸਤੀ ਗਿਆਨੀ ਹਰਦੀਪ ਸਿੰਘ ਜੀ ਤੋਂ ਵਿਦਿਆਂ ਪ੍ਰਾਪਤ ਕੀਤੀ ਹੈ ਜੋ ਕਾਫੀ ਸਮਾਂ ਸ੍ਰੀ ਭੈਣੀ ਸਾਹਿਬ ਰਹੇ ਸਨ। ਇਸ ਕਰਕੇ ਉਹ ਗਿਆਨੀ ਹਰਦੀਪ ਸਿੰਘ ਜੀ ਨੂੰ ਆਪਣਾ ਵਿਦਿਆ ਗੁਰੂ ਕਰਕੇ ਸਤਿਕਾਰ ਦੇ ਹਨ। ਏਸ ਕਰਕੇ ਸਿੰਘ ਸਾਹਿਬ ਗਿਆਨੀ ਕੁਲਵੰਤ ਸਿੰਘ ਵੀ ਨਿਮਰਤਾ, ਸ਼ਰਧਾ, ਸਤਿਕਾਰ ਅਤੇ ਪਿਆਰ ਦੀ ਮੂਰਤ ਹੀ ਹਨ। ਇਸ ਕਰਕੇ ਸਿੰਘ ਸਾਹਿਬ ਗਿਆਨੀ ਕੁਲਵੰਤ ਸਿੰਘ ਜੀ ਨੇ ਜੋ ਪਿਆਰ ਅਤੇ ਸਤਿਕਾਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਲਈ ਪ੍ਰਗਟਾਇਆ ਉਸ ਨੂੰ ਸਦੀਵੀ ਕਾਲ ਤੱਕ ਯਾਦ ਰੱਖਿਆ ਜਾਵੇਗਾ ਅਤੇ ਉਹ ਪਿਆਰ ਨਾਮਧਾਰੀ ਇਤਿਹਾਸ ਦੇ ਸੁਨਹਿਰੀ ਪੰਨਿਆਂ ਦਾ ਸ਼ਿੰਗਾਰ ਬਣ ਕੇ ਰਹੇਗਾ।

ਏਥੋਂ ਹੀ ਵਿਦਾਇਗੀ ਲੈ ਕੇ ਸ੍ਰੀ ਸਤਿਗੁਰੂ ਜੀ ਨੇ ਸੰਗਤ ਦੇ ਵੱਡੇ ਇਕੱਠ ਦੇ ਰੂਪ ਵਿੱਚ ਹੋਰ ਇਤਿਹਾਸਿਕ ਸਥਾਨ ਦੇ ਦਰਸ਼ਨ ਮੇਲੇ ਲਈ ਪੈਦਲ ਹੀ ਚਾਲੇ ਪਾਏ। ਸਭ ਤੋਂ ਪਹਿਲਾਂ ਬਾਬਾ ਨਿਧਾਨ ਸਿੰਘ ਜੀ ਦੇ ਉਸ ਇਤਿਹਾਸਿਕ ਸਥਾਨ ਦੇ ਦਰਸ਼ਨ ਕੀਤੇ ਜਿਥੇ ਆਈ ਸੰਗਤ ਛਕਣ ਲਈ ਲੰਗਰ ਦਾ ਬਹੁਤ ਵੱਡਾ ਪ੍ਰਬੰਧ ਕੀਤਾ ਜਾਂਦਾ ਹੈ। ਏਸ ਦੇ ਨਾਲ ਹੀ ਗੁਰਦਵਾਰਾ ਭਜਨਗੜ੍ਹ ਸਾਹਿਬ ਜੋ ਬਾਬਾ ਜੋਗਿੰਦਰ ਸਿੰਘ ਮੋਨੀ ਜੀ ਯਾਦ ਵਿੱਚ ਹੈ। ਗੁਰਦੁਆਰਾ ਨਗੀਨਾ ਘਾਟ, ਗੋਦਾਵਰੀ ਨਦੀ ਦੇ ਕਿਨਾਰੇ ਤੇ ਬਾਬਾ ਬੰਦਾ ਬਹਾਦਰ ਦੀ ਯਾਦ ਵਿੱਚ ਉਸਾਰੇ ਗੁਰਦਵਾਰਾ, ਮਾਤਾ ਸਾਹਿਬ ਕੌਰ ਦੀ ਯਾਦ ਵਿੱਚ ਉਸਾਰੇ ਗੁਰਦੁਆਰੇ ਅਤੇ ਗੁਰਦਵਾਰਾ ਸ਼ਿਕਾਰ ਘਾਟ ਇਹਨਾਂ ਸਾਰੇ ਇਤਿਹਾਸਕ ਥਾਵਾਂ ਦੇ ਦਰਸ਼ਨ ਮੇਲੇ ਕਰਨ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਆਪਣੇ ਡੇਰੇ ਆਣ ਵਿਸ਼ਰਾਮ ਕੀਤਾ।

ਸ਼ਾਮ ਦੇ ਪ੍ਰੋਗਰਾਮ ਵਿੱਚ ਦਰਸ਼ਨ ਦੇਣ ਤੋਂ ਪਹਿਲਾਂ ਸ੍ਰੀ ਸਤਿਗੁਰੂ ਜੀ ਨੇ ਸ. ਗਿਆਨ ਸਿੰਘ ਪੁੱਤਰ ਨਾਜਰ ਸਿੰਘ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਸ਼ਾਮ ਦੇ ਮਿੱਥੇ ਹੋਏ ਪ੍ਰੋਗਰਾਮ ਦੇ ਮੁਤਾਬਿਕ ਤਖਤੇ ਤੇ ਆਰਤੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਸਤਰਾਂ ਦੇ ਦਰਸ਼ਨ ਕਰਨ ਦਾ ਪ੍ਰੋਗਰਾਮ ਸੀ। ਤਖਤ ਦੇ ਅੰਦਰ ਜਾ ਕੇ ਇਸ ਸਾਰੇ ਪ੍ਰੋਗਰਾਮ ਦਾ ਸ੍ਰੀ ਸਤਿਗੁਰੂ ਜੀ ਨੇ ਅਤੇ ਸੰਗਤ ਨੇ ਅਨੰਦ ਮਾਣਿਆ। ਏਥੇ ਹੀ ਸ੍ਰੀ ਸਤਿਗੁਰੂ ਜੀ ਦੇ ਹਜ਼ੂਰੀ ਰਾਗੀ ਸਤਨਾਮ ਸਿੰਘ, ਗੁਰਭਗਤ ਸਿੰਘ 'ਭਗਤੀ' ਅਤੇ ਹਰਪ੍ਰੀਤ ਸਿੰਘ ਸੋਨੂੰ ਜੀ ਗੁਰਬਾਣੀ ਦੇ ਕੀਰਤਨ ਅਰੰਭਤਾ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਬਦ "ਅਬਿਚਲ ਨਗਰੁ ਗੋਬਿੰਦ ਗੁਰੂ ਕਾ" ਤੋਂ ਸ਼ੁਰੂਆਤ ਕੀਤੀ। ਉਪਰੰਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਬਦ "ਸਾਚੁ ਕਹੌ ਸੁਨ ਲੇਹੁ ਸਭੈ ਜਿਨ ਪ੍ਰੇਮੁ ਕੀਓ ਤਿਨ ਹੀ ਪ੍ਰਭ ਪਾਇਓ" ਅਤੇ ਪੰਜਵੇਂ ਪਾਤਸ਼ਾਹ ਜੀ ਦਾ ਸ਼ਬਦ "ਐਸੈ ਗੁਰ ਕਉ ਬਲਿ ਬਲਿ ਜਾਈਐ" ਗਾਇਨ ਕੀਤੇ ਗਏ ਤਾਂ ਸਾਰੇ ਕੀਰਤਨ ਦਾ ਅਨੰਦ ਸਿੰਘ ਸਾਹਿਬ ਗਿਆਨੀ ਕੁਲਵੰਤ ਸਿੰਘ ਜੀ ਨੇ ਹਾਜ਼ਰ ਹੋ ਕੇ ਮਾਣਿਆ। ਜਦੋਂ ਸਮਾਪਤੀ ਬਾਰੇ ਆਖਿਆ ਗਿਆ ਤਾਂ ਗਿਆਨੀ ਜੀ ਦੇ ਸ਼ਬਦ ਸਨ "ਭਾਵੇ ਸਾਰੀ ਰਾਤ ਲੱਗੇ ਰਹੋ" ਸਮਾਪਤੀ ਉਪਰੰਤ ਗਿਆਨੀ ਜੀ ਨੇ ਬੜੇ ਹੀ ਪਿਆਰ ਭਰੇ ਸ਼ਬਦਾਂ ਨਾਲ ਆਖਿਆ ਕਿ "ਅਨੰਦ ਆ ਗਿਆ ਹੈ, ਸ਼ਾਮ ਦੇ ਇਸ ਸਾਰੇ ਪ੍ਰੋਗਰਾਮ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਅਤੇ ਸਾਧ ਸੰਗਤ ਨੇ ਆਪੋ-ਆਪਣੇ ਡੇਰੇ ਆਣ ਵਿਸ਼ਰਾਮ ਕੀਤਾ।

**ਮਿਤੀ 19 ਦਸੰਬਰ 2024 ਦਿਨ ਵੀਰਵਾਰ-** ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਰਾਗੀ ਸਤਨਾਮ ਸਿੰਘ, ਹਰਪ੍ਰੀਤ ਸਿੰਘ ਸੋਨੂੰ ਅਤੇ ਗੁਰਭਗਤ ਸਿੰਘ ਨੇ ਬਾਬਾ ਜੋਗਿੰਦਰ ਸਿੰਘ ਜੀ ਦੇ ਵਿਦਿਆਲੇ ਦੇ ਹਾਲ ਵਿੱਚ ਕੀਤਾ। ਸਾਧ ਸੰਗਤ ਨਾਲ ਪੂਰਾ ਹਾਲ ਭਰਿਆ ਹੋਇਆ ਸੀ। ਆਸਾ ਦੀ ਵਾਰ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਤਖਤ ਸ੍ਰੀ ਹਜ਼ੂਰ ਸਾਹਿਬ ਦੇ ਹੈੱਡ ਗ੍ਰੰਥੀ ਰਹੇ ਗਿਆਨੀ ਹਰਦੀਪ ਸਿੰਘ ਦੇ ਸਪੁੱਤਰ ਸ. ਕਾਬਲ ਸਿੰਘ ਵੱਲੋਂ ਅਰਜ਼ ਬੇਨਤੀ ਕਰਨ ਤੇ ਉਹਨਾਂ ਦੇ ਗ੍ਰਹਿ ਵਿਖੇ ਚਰਨ ਪਾਉਣ ਦੀ ਕਿਰਪਾ ਕੀਤੀ। ਸ. ਕਾਬਲ ਸਿੰਘ ਨੇ ਸ੍ਰੀ ਸਤਿਗੁਰੂ ਜੀ ਦੇ ਘਰ ਦਰਸ਼ਨ ਦੇਣ ਤੇ ਸ਼ੁਕਰਾਨਾ ਕੀਤਾ। ਏਥੇ ਨੇੜੇ ਘਰ ਵਿੱਚ ਰਹਿ ਰਹੇ ਗਿਆਨੀ ਹਰਦੀਪ ਸਿੰਘ ਦੀ ਸਪੁੱਤਰੀ ਬੀਬੀ ਪ੍ਰੀਤਮ ਕੌਰ ਜੀ ਨੂੰ ਵੀ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ ਤਾਂ ਬੀਬੀ ਜੀ ਨੇ ਸ੍ਰੀ ਸਤਿਗੁਰੂ ਜੀ ਪ੍ਰਤੀ ਸ਼ਰਧਾ ਦਾ ਪ੍ਰਗਟਾਵਾ ਕਰਦੇ ਹੋਏ ਆਖਿਆ ਕਿ ਸ੍ਰੀ ਸਤਿਗੁਰੂ ਜੀ ਜੋ ਪਰਉਪਕਾਰ ਤੁਸੀਂ ਸਾਡੇ ਤੇ ਕੀਤਾ ਹੈ ਅਸੀਂ ਉਸ ਨੂੰ ਕਦੀ ਭੁਲਾ ਨਹੀਂ ਸਕਦੇ। ਰਸਤੇ ਵਿੱਚ ਵਾਪਸ ਆਉਂਦੇ ਹੋਏ ਸੰਤ ਬਾਬਾ ਸੁਖਦੇਵ ਸਿੰਘ ਰੂਮੀ ਵਾਲਿਆਂ ਦੀ ਨਾਨਕਸਰ ਵਾਲਿਆਂ ਦੇ ਲੰਗਰ ਵਿੱਚ ਵੀ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ।

ਪ੍ਰਸ਼ਾਦਾ ਪਾਣੀ ਛਕਣ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸਮੇਤ ਸਾਧ ਸੰਗਤ ਦੇ ਸ੍ਰੀ ਹਜ਼ੂਰ ਸਾਹਿਬ ਤੋਂ ਤਕਰੀਬਨ 100 ਕਿਲੋਮੀਟਰ ਦੂਰ ਭਗਤ ਨਾਮਦੇਵ ਜੀ ਦੇ ਅਸਥਾਨ ਦਾ

ਦਰਸ਼ਨ ਮੇਲਾ ਕਰਨ ਦਾ ਪ੍ਰੋਗਰਾਮ ਬਣਾਇਆ। ਸਭ ਤੋਂ ਪਹਿਲਾਂ ਭਗਤ ਨਾਮਦੇਵ ਜੀ ਦੇ ਨਗਰ ਨਰਸੀ ਨਾਮਦੇਵ ਪਹੁੰਚਣ ਉਪਰੰਤ ਭਗਤ ਨਾਮਦੇਵ ਜੀ ਦੀ ਯਾਦ ਵਿੱਚ ਉਸਾਰੇ ਜਾ ਰਹੇ ਵਿਸ਼ਾਲ ਮੰਦਰ ਦੇਖਣ ਉਪਰੰਤ ਭਗਤ ਨਾਮਦੇਵ ਜੀ ਦਾ ਪੁਰਾਤਨ ਉਹ ਘਰ ਜਿਥੇ ਨਾਮਦੇਵ ਜੀ ਦਾ ਜਨਮ ਹੋਇਆ ਉਸ ਜਨਮ ਸਥਾਨਕ ਆਖਦੇ ਹਨ। ਜਿਸ ਨੂੰ ਅੱਜ-ਕੱਲ੍ਹ ਇਕ ਗੁਰਦਵਾਰਾ ਦੀ ਸਥਾਕ ਕਮੇਟੀ ਵੱਲੋਂ ਸਾਂਭ ਸੰਭਾਲ ਕੀਤੀ ਜਾ ਰਹੀ ਹੈ ਜੋ ਗੁਰਦੁਆਰਾ ਭਗਤ ਨਾਮਦੇਵ ਜੀ ਦੀ ਯਾਦ ਵਿੱਚ ਉਸਾਰਿਆ ਗਿਆ ਹੈ। ਸਭ ਤੋਂ ਮਹੱਤਵਪੂਰਨ ਅਤੇ ਇਤਿਹਾਸਿਕ ਸਥਾਨ ਭਗਤ ਨਾਮਦੇਵ ਜੀ ਉਹ ਮੰਦਰ ਜਾਂ ਦਿਉਰਾ ਜੋ ਨਾਮਦੇਵ ਜੀ ਨੇ ਭਗਵਾਨ ਦੀ ਕਿਰਪਾ ਨਾਲ ਫੇਰਿਆ ਸੀ। ਜਿਸ ਨੂੰ ਭਗਤ ਨਾਮਦੇਵ ਜੀ ਇਸ ਸ਼ਬਦ ਨੂੰ ਗੁਰਬਾਣੀ ਵਿੱਚ ਅੰਕਿਤ ਕੀਤਾ ਹੈ। "ਫੇਰਿ ਦੀਆਂ ਦੇਹੁਰਾ ਨਾਮੇ ਕਉ ਪੰਡੀਅਨ ਕਉ ਪਿਛਵਾਹਲਾ" ਉਸ ਪੁਰਾਤਨ ਮੰਦਰ ਦੇ ਦਰਸ਼ਨ ਕਰਨ ਦਾ ਸ੍ਰੀ ਸਤਿਗੁਰੂ ਜੀ ਨਾਲ ਸਾਨੂੰ ਵੀ ਸਭਨਾ ਨੂੰ ਸੁਭਾਗ ਪ੍ਰਾਪਤ ਹੋਇਆ ਜੋ ਮਹਾਂਰਾਸਟਰ ਦੇ ਰਿਗੋਲੀ ਜ਼ਿਲ੍ਹੇ ਵਿੱਚ ਸਥਿਤ ਹੈ। ਇਸ ਨਗਰ ਓਡਾਨਾਗਨਾਥ ਵਿਖੇ ਪਹੁੰਚਣ ਤੇ ਇਕ ਗਾਇਡ ਪੰਡਿਤ ਸ੍ਰੀ ਰਜੇਸ ਗਿਰੀ ਜੀ ਨਾਲ ਹੋ ਕੇ ਸਾਰੇ ਮੰਦਰ ਦਾ ਭਰਮਨ ਕਰਵਾਇਆ।

ਭਗਤ ਨਾਮ ਦੇਵ ਜੀ ਦੀ ਉਹ ਪੁਰਾਤਨ ਇਤਿਹਾਸਕ ਚੱਕੀ ਦੇ ਇਤਿਹਾਸ ਬਾਰੇ ਵੀ ਦੱਸਿਆ ਗਿਆ ਮੰਦਰ ਦੇ ਅੰਦਰ ਗੁਫ਼ਾਂ ਵਿੱਚ ਜਾ ਕੇ ਉਸ ਪੁਰਾਤਨ ਸਥਾਨ ਵੀ ਵੇਖਣ ਦਾ ਮੌਕਾ ਮਿਲਿਆ ਜਿਥੇ ਸ਼ਿਵਨਿੰਗ ਸਥਾਪਤ ਹੈ। ਉਸ ਗੁਫ਼ਾ ਦੇ ਅੰਦਰ ਸ੍ਰੀ ਸਤਿਗੁਰੂ ਜੀ ਦੇ ਨਾਲ ਗੁਰਲਾਲ ਸਿੰਘ ਭੈਣੀ ਸਾਹਿਬ, ਸੰਤ ਨਿਸ਼ਾਨ ਸਿੰਘ, ਗੁਰਭੇਜ ਸਿੰਘ ਗੁਰਾਇਆ, ਆਸਾ ਸਿੰਘ ਸੇਵਕ ਅਤੇ ਇਹਨਾਂ ਸਤਰਾਂ ਦੇ ਲੇਖਕ ਸੂਬਾ ਬਲਵਿੰਦਰ ਸਿੰਘ ਝੱਲ ਨੂੰ ਜਾਣ ਦਾ ਅਵਸਰ ਪ੍ਰਾਪਤ ਹੋਇਆ। ਮੰਦਰ ਦੇ ਮੁੱਖ ਪੁਜਾਰੀ ਸ੍ਰੀ ਪ੍ਰਸ਼ਾਦ ਸਵਾਮੀ ਜੀ ਸਨ। ਇਸ ਪੁਰਾਤਨ ਮੰਦਰ ਨੂੰ ਦੇਖਣ ਤੇ ਪਤਾ ਲੱਗਦਾ ਸੀ ਕਿ ਇਹ ਇਕ ਇਤਿਹਾਸਿਕ ਅਤੇ ਪੁਰਾਤਨ ਮੰਦਰ ਹੈ। ਏਥੇ ਹੀ 104 ਕਿਲੋਮੀਟਰ ਦਾ ਸਫ਼ਰ ਕਰਕੇ ਵਾਪਸ ਸ੍ਰੀ ਹਜ਼ੂਰ ਸਾਹਿਬ ਪਹੁੰਚ ਆਪਣੇ ਡੇਰੇ ਆਣ ਵਿਸ਼ਰਾਮ ਕੀਤਾ। ਅੱਜ ਸ਼ਾਮ ਨੂੰ ਹੀ ਸ੍ਰੀ ਸਤਿਗੁਰੂ ਜੀ ਹੈਦਰਾਬਾਦ ਲਈ ਰਵਾਨਗੀ ਸੀ ਇਸ ਤੋਂ ਪਹਿਲਾਂ ਸ੍ਰੀ ਹਜ਼ੂਰ ਸਾਹਿਬ ਦੇ ਦੌਰੇ ਸਮੇਂ ਸ੍ਰੀ ਭੈਣੀ ਸਾਹਿਬ ਤੋਂ ਸ੍ਰੀ ਸਤਿਗੁਰੂ ਜੀ ਦੀ ਸਕਿਉਰਟੀ ਲਈ ਗਏ ਪੰਜਾਬ ਪੁਲਿਸ ਦੇ ਮੁਲਾਜਮ ਸ. ਗੁਰਦੇਵ ਸਿੰਘ, ਜਸਵੰਤ ਸਿੰਘ, ਮਨਮੀਤ ਸਿੰਘ ਅਤੇ ਜਗਦੀਪ ਸਿੰਘ ਸੁਰੱਖਿਆ ਮੁਲਾਜਮ ਜੋ ਕਿ ਗੱਡੀ ਪੀ.ਬੀ. 10 4068 ਤੇ ਸ. ਹਰਜੀਤ ਸਿੰਘ ਜੀਤਾ ਚਲਾ ਰਿਹਾ ਸੀ ਸੜਕੀ ਰਸਤੇ ਸ੍ਰੀ ਭੈਣੀ ਸਾਹਿਬ ਤੋਂ ਸ੍ਰੀ ਹਜ਼ੂਰ ਸਾਹਿਬ ਪਹੁੰਚੇ ਸਨ ਅਤੇ ਹਜ਼ੂਰ ਸਾਹਿਬ ਦੇ ਸਾਰੇ ਦੌਰੇ ਸਮੇਂ ਸੇਵਾ ਵਿੱਚ ਹਾਜਰ ਰਹੇ ਸਨ। ਇਹ ਸਕਿਓਰਟੀ ਮੁਲਾਜਮ ਹਜ਼ੂਰ ਸਾਹਿਬ ਤੋਂ ਅਗਾਊ ਹੈਦਰਾਬਾਦ ਲਈ ਚੱਲ ਪਏ। ਕਿਉਂਕਿ ਇਹਨਾਂ ਨੇ ਸ੍ਰੀ ਸਤਿਗੁਰੂ ਜੀ ਦੇ ਹੈਦਰਾਬਾਦ ਪਹੁੰਚਣ ਤੋਂ ਪਹਿਲਾਂ ਉਥੇ ਹਾਜ਼ਰ ਹੋਣਾ ਸੀ।

ਸ੍ਰੀ ਸਤਿਗੁਰੂ ਜੀ ਸੱਚਖੰਡ, ਸ੍ਰੀ ਹਜ਼ੂਰ ਸਾਹਿਬ ਨੰਦੇੜ ਦੇ ਆਪਣੇ ਇਸ ਇਤਿਹਾਸਿਕ ਦੌਰੇ ਦੀ ਸਮਾਪਤੀ ਕਰਦੇ ਹੋਏ ਸ਼ਾਮ 5 ਵਜੇ ਦੀ ਫਲਾਇਟ ਤੇ ਹਵਾਈ ਸਫ਼ਰ ਰਾਹੀ ਹੈਦਰਾਬਾਦ ਆਣ ਪਧਾਰੇ। ਬਾਕੀ ਸਭ ਸੰਗਤ ਜਿਸ ਜਿਸ ਤਰ੍ਹਾਂ ਦੇ ਸਾਧਨਾਂ ਤੇ ਆਪੋ-ਆਪਣੀ ਇਲਾਕਿਆਂ ਵਿੱਚ ਗਏ ਸਨ 20 ਦਸੰਬਰ 2024 ਦਿਨ ਸ਼ੁਕਰਵਾਰ ਤੱਕ ਵਾਪਸ ਪਰਤਣ ਲਈ ਤਿਆਰ ਹੋ ਕੇ ਨਿਕਲੇ। ਇਸ ਤਰ੍ਹਾਂ ਇਸ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਅਬਚਲ ਨਗਰ ਨੰਦੇੜ ਦੀ ਇਤਿਹਾਸਿਕ ਯਾਤਰਾ ਨੂੰ ਸਮਾਪਤ ਕਰਨ ਸਮੇਂ ਵੀ ਸੰਗਤ ਵਿੱਚ ਇਕ ਵੱਖਰੀ ਕਿਸਮ ਦਾ ਉਤਸ਼ਾਹ ਚਾਅ ਅਤੇ ਪਿਆਰ ਸੀ ਕਿਉਂਕਿ ਇਹ ਯਾਤਰਾ ਸਭਨਾਂ ਨੇ ਆਪਣੇ ਮਹਿਬੂਬ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਸੰਗ ਕੀਤੀ ਸੀ। ਜੋ ਸਭਨਾਂ ਦੇ ਦਿਲਾਂ ਅੰਦਰ ਸਦੀਵੀ ਤੌਰ ਤੇ ਸੰਭਾਲੀ ਗਈ ਸੀ।

**ਸੂਬਾ ਬਲਵਿੰਦਰ ਸਿੰਘ ਝੱਲ**

## ਸ੍ਰੀ ਸਤਿਗੁਰੂ ਜੀ ਦਾ ਇਲਾਕਾ ਸ੍ਰੀ ਜੀਵਨ ਨਗਰ ਦਾ ਦੌਰਾ

ਮਿਤੀ 30 ਦਸੰਬਰ 2024 ਦਿਨ ਸੋਮਵਾਰ ਨੂੰ ਪਿੰਡ ਪਨਿਹਾਰੀ ਵਿਖੇ ਸੰਤ ਜਗਤਾਰ ਸਿੰਘ ਜੀ ਦੇ ਗ੍ਰਹਿ ਤੋਂ ਵਿਦਾਇਗੀ ਕਰ ਕੇ ਤਕਰੀਬਨ 10 ਵਜੇ ਸ੍ਰੀ ਸਤਿਗੁਰੂ ਜੀ ਹਰਿਆਣਾ ਦੇ ਪਿੰਡ ਚੋਟਾਲਾ ਵਿਖੇ ਹਰਿਆਣਾ ਸਾਬਕਾ ਮੁੱਖ ਮੰਤਰੀ ਸ੍ਰੀ ਉਪ-ਪ੍ਰਕਾਸ ਚੋਟਾਲਾ ਦੇ ਅਕਾਲ ਚਲਾਣਾ ਕਰਨ ਤੇ ਪਰਿਵਾਰ ਨਾਲ ਮਿਲਣ ਲਈ ਪਿੰਡ ਚੋਟਾਲਾ ਵਿਖੇ ਪਧਾਰੇ। ਸ੍ਰੀ ਓਮ-ਪ੍ਰਕਾਸ਼ ਚੋਟਾਲਾ ਦਾ ਸਪੁੱਤਰ ਸ੍ਰੀ ਅਜੇ ਚੋਟਾਲਾ, ਅਭੇ ਚੋਟਾਲਾ ਅਤੇ ਭਰਾ ਚੌਧਰੀ ਰਣਜੀਤ ਸਿੰਘ

Ex ਮੰਤਰੀ ਹਰਿਆਣਾ ਸਮੇਤ ਸ੍ਰੀ ਦੁਸਿਅੰਤ ਚੋਟਾਲਾ ਅਤੇ ਅਰਜਨ ਐਮ.ਐਲ.ਏ ਚੋਟਾਲਾ ਮੌਜੂਦ ਸਨ। ਸ੍ਰੀ ਸਤਿਗੁਰੂ ਕੁਝ ਸਮਾਂ ਚੋਟਾਲਾ ਪਰਿਵਾਰ ਨਾਲ ਪਿਛਲੀਆਂ ਯਾਦਾਂ ਨੂੰ ਤਾਜਾ ਕੀਤਾ ਅਤੇ ਸ੍ਰੀ ਓਮ ਪ੍ਰਕਾਸ਼ ਚੋਟਾਲਾ ਦੇ ਚਲੇ ਜਾਣ ਦਾ ਪਰਿਵਾਰ ਨੂੰ ਵੱਡਾ ਘਾਟਾ ਦੱਸਿਆ। ਏਥੋਂ ਹੀ ਵਿਦਾ ਹੋ ਕੇ ਸ੍ਰੀ ਸਤਿਗੁਰੂ ਜੀ ਮਸਤਾਨਗੜ੍ਹ ਆਣ ਪਧਾਰੇ ਕੁਝ ਸਮਾਂ ਰੁਕਣ ਉਪਰੰਤ ਪਿੰਡ ਠੋਬਰੀਆਂ ਵਿਖੇ ਸ. ਪ੍ਰਗਟ ਸਿੰਘ ਸਮਸੇਵਾਲੇ ਦੇ ਪਿਤਾ ਸ. ਮਹਿੰਦਰ ਸਿੰਘ ਅਤੇ ਮਾਤਾ ਜੋਗਿੰਦਰ ਕੌਰ ਨੂੰ ਦਰਸ਼ਨ ਦਿੱਤੇ। ਐਲਨਾਬਾਦ ਵਿਖੇ ਸ. ਮੱਖਣ ਸਿੰਘ ਦੀ ਨਿਊ ਵਿਸ਼ਕਰਮਾ ਐਗਲੀਕਲਚਰ ਵਰਕਸ ਵਿਖੇ ਚਰਨ ਪਾਏ ਅਤੇ ਨਵੇ ਮਾਡਲ ਵਿੱਚ ਤਿਆਰ ਕੀਤੀ ਮਸ਼ੀਨ ਦਾ ਉਦਘਾਟਨ ਕੀਤਾ। ਐਲਨਾਬਾਦ ਵਿਖੇ ਹੀ ਸ. ਤੀਰਥ ਸਿੰਘ ਪੁੱਤਰ ਸ. ਨਾਜਰ ਸਿੰਘ ਦੇ ਚੜ੍ਹਾਈ ਕਰਨ ਤੇ ਪਰਿਵਾਰ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਮੱਲੇਕੇ ਪਿੰਡ ਕੁਲਦੀਪ ਸਿੰਘ, ਚੰਨਣ ਸਿੰਘ ਪੁੱਤਰ ਸ. ਅਮਰ ਸਿੰਘ ਦੇ ਗ੍ਰਹਿ ਵਿਖੇ ਚਰਨ ਪਾਉਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ। ਗੁਰਭੇਜ ਸਿੰਘ ਪੁੱਤਰ ਚੰਨਣ ਸਿੰਘ ਘਰ ਵੀ ਦਰਸ਼ਨ ਦਿੱਤੇ।

ਪਿੰਡ ਕੁੱਤਾਵੱਡ ਵਿਖੇ ਸ੍ਰੀ ਮਾਨ ਸੰਤ ਗੋਪਾਲ ਸਿੰਘ ਦੇ ਸਮੁੱਚੇ ਪਰਿਵਾਰ ਵਲੋਂ ਸੰਤਾਂ ਦੀ ਯਾਦ ਵਿੱਚ ਮੇਲਾ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਮਨਾਇਆ ਗਿਆ। ਹਜ਼ੂਰੀ ਰਾਗੀ ਬਲਵੰਤ ਸਿੰਘ, ਸ਼ਾਮ ਸਿੰਘ ਤੇ ਹਰਪ੍ਰੀਤ ਸਿੰਘ ਸੋਨੂੰ ਨੇ ਗੁਰਬਾਣੀ ਦਾ ਸ਼ਬਦ ਪੜ੍ਹਿਆ "ਸੰਤਨ ਬਿਨੁ ਅਵਰੁ ਨ ਦਾਤਾ ਬੀਆ" ਸੰਗਤ ਵਲੋਂ ਪਵਿੱਤਰ ਗੁਰਬਾਣੀ ਦੇ 6 ਪਾਠਾਂ ਦੇ ਭੋਗ ਪਾਏ ਗਏ। ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੀ ਕ੍ਰਿਪਾ ਕਰਦੇ ਹੋਏ ਗੁਰਬਾਣੀ ਅਨੁਸਾਰ ਸੰਤਾਂ ਦੀ ਸੋਭਾ, ਉਸਤਤ ਕੀਤੀ। ਸੰਤ ਗੋਪਾਲ ਸਿੰਘ ਜੀ ਦੀ ਯਾਦ ਵਿੱਚ ਮਨਾਏ ਮੇਲੇ ਦੀ ਸਮਾਪਤੀ ਕਰਦੇ ਹੋਏ ਸ੍ਰੀ ਸਤਿਗੁਰੂ ਜੀ ਨੇ ਪਿੰਡ ਸੰਤ ਨਗਰ ਵਿਖੇ ਸੰਤ ਕੌਰ ਪਤਨੀ ਸ. ਇੰਦਰ ਸਿੰਘ ਕੱਕੜ ਦੇ ਚੜ੍ਹਾਈ ਕਰਨ ਤੇ ਸ. ਲਖਵੀਰ ਸਿੰਘ ਦੇ ਘਰ ਦਰਸ਼ਨ ਦਿੱਤੇ। ਅਵਤਾਰ ਸਿੰਘ ਪੁੱਤਰ ਬੂਟਾ ਸਿੰਘ ਦੇ ਚੜ੍ਹਾਈ ਕਰਨ ਤੇ ਘਰ ਚਰਨ ਪਾਏ। ਅਮਰੀਕ ਸਿੰਘ ਪੁੱਤਰ ਸ. ਕਰਨੈਲ ਸਿੰਘ, ਸ. ਬੇਅੰਤ ਸਿੰਘ ਪੁੱਤਰ ਕਰਤਾਰ ਸਿੰਘ ਨੂੰ ਦਰਸ਼ਨ ਦਿੱਤੇ ਸ. ਸੂਰਤਾ ਸਿੰਘ ਦੀ ਪਤੀ ਬੀਬੀ ਦਲਬੀਰ ਕੌਰ, ਗੁਰਚਰਨ ਸਿੰਘ ਪੁੱਤਰ ਤੇਜਾ ਸਿੰਘ ਦੇ ਚੜ੍ਹਾਈ ਕਰਨ ਤੇ ਪਰਿਵਾਰ ਨੂੰ ਦਰਸ਼ਨ ਦਿੱਤੇ। ਸ. ਜਗਤਾਰ ਸਿੰਘ ਪੁੱਤਰ ਮਾਨ ਸਿੰਘ ਦੀ ਦੁਕਾਨ ਤੇ ਚਰਨ ਪਾਏ। ਨਾਨਕ ਸਿੰਘ ਪੁੱਤਰ ਜਸਵੰਤ ਸਿੰਘ ਘਰੇ ਚਰਨ ਪਾਉਣ ਉਪਰੰਤ ਕਸ਼ਮੀਰ ਸਿੰਘ ਪੁੱਤਰ ਸੋਹਣ ਸਿੰਘ ਦੇ ਚੜ੍ਹਾਈ ਕਰਨ ਤੇ ਪਰਿਵਾਰ ਨੂੰ ਦਰਸ਼ਨ ਦਿੱਤੇ। ਹੀਰ ਸਿੰਘ, ਮੁਖਤਿਆਰ ਸਿੰਘ ਪੁੱਤਰ ਮੋਹਨ ਸਿੰਘ ਦੇ ਘਰ ਦਰਸ਼ਨ ਦਿੱਤੇ। ਬੀਬੀ ਨਿਰਮਲ ਕੌਰ ਪਤਨੀ ਮਾਲਕ ਸਿੰਘ ਦੇ ਚੜ੍ਹਾਈ ਕਰਨ ਤੇ ਪਰਿਵਾਰ ਨੂੰ ਬਾਗਵਾਲੀ ਢਾਣੀ ਦਰਸ਼ਨ ਦਿੱਤੇ। ਪਿੰਡ ਅਮਰਾਸਰ ਵਿਖੇ ਸ. ਸਰਦਾਰ ਸਿੰਘ, ਹਰਦਿਆਲ ਸਿੰਘ, ਦਰਸ਼ਨ ਸਿੰਘ ਅਤੇ ਅਵਤਾਰ ਸਿੰਘ ਪੁੱਤਰ ਸ. ਪੂਰਨ ਸਿੰਘ ਘੁੰਮਣ ਦੇ ਪਰਿਵਾਰਾਂ ਨੂੰ ਦਰਸ਼ਨ ਦੇਣ ਦੀ ਕਿਰਪਾ ਸ੍ਰੀ ਸਤਿਗੁਰੂ ਜੀ ਨੇ ਕੀਤੀ।

ਮਿਤੀ 31 ਦਸੰਬਰ 2024 ਦਿਨ ਮੰਗਲਵਾਰ- ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪ੍ਰਤਾਪ ਨਗਰ ਦੇ ਨਵੇਂ ਉਸਾਰੇ ਗਏ ਜਗਜੀਤ ਮੰਦਰ ਵਿਖੇ ਹਜ਼ੂਰੀ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ ਅਤੇ ਸ਼ਾਮ ਸਿੰਘ ਨੇ ਕੀਤਾ। 6:20 ਤੇ ਹੀ ਆਸਾ ਦੀ ਵਾਰ ਦੀ ਸਮਾਪਤੀ ਉਪਰੰਤ ਮਸਤਾਨਗੜ੍ਹ ਵਿਖੇ ਆਣ ਕੇ ਸਭਨਾ ਨੇ ਆਪੋ-ਆਪਣਾ ਸਮਾਨ ਸੰਭਾਲਿਆ ਅਤੇ ਸ੍ਰੀ ਸਤਿਗੁਰੂ ਜੀ ਨੇ ਸਿਖਾਂ ਸੇਵਕਾਂ ਸਹਿਤ ਦਿੱਲੀ ਲਈ ਚਾਲੇ ਪਾ ਦਿੱਤੇ।

**ਸੂਬਾ ਬਲਵਿੰਦਰ ਸਿੰਘ ਝੱਲ**

.......................................................

## ਜ਼ਿਲ੍ਹਾ ਸਿਰਸਾ ਦੇ ਪਿੰਡ ਪਨਿਹਾਰੀ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਪੰਜਾਬ ਅਤੇ ਹਰਿਆਣਾ ਰਾਜ ਦੀ ਸਰਹੱਦ ਤੇ ਵੱਸਿਆ ਹੈ ਪਿੰਡ ਪਨਿਹਾਰੀ ਜੋ ਕਿ ਜ਼ਿਲ੍ਹਾ ਸਿਰਸਾ ਦੀ ਹੱਦ ਅੰਦਰ ਆਉਂਦਾ ਹੈ। ਪਿੰਡ ਪਨਿਹਾਰੀ ਇਤਿਹਾਸ ਦੇ ਪੰਨਿਆਂ ਅੰਦਰ ਜ਼ਿਕਰਯੋਗ ਨਾਮ ਸੰਤ ਜਿਊਣ ਸਿੰਘ ਸਰਹਾਲੀ ਜੋ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਰੋਸਾਏ ਹੋਏ ਸਨ ਅਤੇ ਰੰਗੂਨ ਜਾ ਕੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰ ਕੇ ਆਏ ਸਨ ਦੀ ਅੰਸ਼-ਬੰਸ਼ ਅਤੇ ਵਾਰਸਾ ਦਾ ਨਗਰ ਹੈ। ਉਸ ਤੋਂ ਵੀ ਮਾਨ ਵਾਲੀ ਗੱਲ ਹੈ ਕਿ ਬੇਅੰਤ ਪਾਤਸ਼ਾਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਪੁੱਤਰੀ ਬੀਬਾ ਸਾਹਿਬ ਕੌਰ ਦਾ ਸਮੁੱਚਾ ਸਹੁਰਾ ਪਰਿਵਾਰ ਇਸ ਪਨਿਹਾਰੀ ਨਗਰ ਦਾ ਵਸਨੀਕ ਹੈ। ਸੰਤ ਜਗਤਾਰ ਸਿੰਘ ਅਤੇ ਸਮੁੱਚੇ

ਪਰਿਵਾਰ ਦੇ ਅਰਜ ਬੇਨਤੀ ਕਰਨ ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਪਿੰਡ ਪਨਿਹਾਰੀ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ ਮਿਤੀ 29 ਦਸੰਬਰ 2024 ਦਿਨ ਸੋਮਵਾਰ ਨੂੰ ਸ੍ਰੀ ਭੈਣੀ ਸਾਹਿਬ ਤੋਂ ਬਾਅਦ ਦੁਪਹਿਰ ਚੱਲ ਕੇ ਸ਼ਾਮ 5 ਵਜੇ ਸ੍ਰੀ ਸਤਿਗੁਰੂ ਜੀ, ਮਾਤਾ ਗੁਰਸ਼ਰਨ ਕੌਰ ਜੀ, ਸ੍ਰੀ ਉੱਤਮ ਸਿੰਘ ਜੀ ਅਤੇ ਬੀਬਾ ਜੀਵਨ ਕੌਰ ਸਮੁੱਚਾ ਪਰਿਵਾਰ ਸਿੱਖ ਸੇਵਕਾਂ ਸਹਿਤ ਪਿੰਡ ਪਨਿਹਾਰੀ ਵਿਖੇ ਆਣ ਪਹੁੰਚੇ। ਸੰਤ ਜਗਤਾਰ ਸਿੰਘ ਸਮੇਤ ਸਮੁੱਚਾ ਪਰਿਵਾਰ ਦੇ ਸ੍ਰੀ ਸਤਿਗੁਰੂ ਜੀ ਦਾ ਹਾਰਦਿਕ ਸਵਾਗਤ ਕੀਤਾ। ਜਲਪਾਣੀ ਛਕਣ ਉਪਰੰਤ ਰਾਤ ਏਥੇ ਹੀ ਵਿਸ਼ਰਾਮ ਕੀਤਾ।

**30 ਦਸੰਬਰ 2024 ਦਿਨ ਮੰਗਲਵਾਰ–** ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਸੰਤ ਜਗਤਾਰ ਸਿੰਘ ਜੀ ਦੇ ਗ੍ਰਹਿ ਵਿਖੇ ਹੀ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ ਅਤੇ ਸ਼ਾਮ ਸਿੰਘ ਨੇ ਕੀਤਾ। ਵਾਰ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸੰਤ ਜਗਤਾਰ ਸਿੰਘ ਜੀ ਦੇ ਭਰਾ ਸੰਤ ਕੁਲਵੰਤ ਸਿੰਘ, ਸਤਨਾਮ ਸਿੰਘ ਅਤੇ ਬਲਦੇਵ ਸਿੰਘ ਦੇ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਕੀਤੀ। ਸੰਤ ਜਗਤਾਰ ਸਿੰਘ ਜੀ ਦੇ ਭਰਾ ਸ. ਸੁਖਦੇਵ ਸਿੰਘ ਜੋ ਕਿ ਪਿੰਡ ਮਿਰਜਾਪੁਰ ਨੇੜੇ ਐਲਨਾਬਾਦ ਰਹਿੰਦੇ ਹਨ ਉਹ ਵੀ ਪਰਿਵਾਰ ਸਮੇਤ ਏਥੋਂ ਪਨਿਹਾਰੀ ਹੀ ਆਏ ਹੋਏ ਸਨ। ਸੰਤ ਜਗਤਾਰ ਸਿੰਘ ਜੀ ਦੇ ਪਿਤਾ ਸੰਤ ਮਹਿੰਦਰ ਸਿੰਘ ਪਨਿਹਾਰੀ ਦੇ ਸਮੁੱਚੇ ਪਰਿਵਾਰ ਵਲੋਂ ਪਵਿੱਤਰ ਗੁਰਬਾਣੀ ਦੇ ਇਕ ਅਖੰਡ ਪਾਠ ਦਾ ਭੋਗ ਪਰਿਵਾਰ ਦੀ ਸੁੱਖ ਸ਼ਾਂਤੀ ਅਤੇ ਗੁਰਸਿੱਖੀ ਦੀ ਦਾਤ ਲਈ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਾਇਆ ਗਿਆ ਇਸ ਦੇ 6 ਸਧਾਰਨ ਪਾਠਾਂ ਦੇ ਭੋਗ ਵੀ ਪਰਿਵਾਰ ਵਲੋਂ ਪਾਏ ਗਏ। ਅਖੰਡ ਪਾਠ ਦਾ ਪੂਰਾ ਜਥਾ ਸ੍ਰੀ ਭੈਣੀ ਸਾਹਿਬ ਤੋਂ ਗਿਆ ਹੋਇਆ ਸੀ। ਅਖੰਡ ਪਾਠ ਦੇ ਭੋਗ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਆਪਣੇ ਦੌਰੇ ਦੇ ਅਗਲੇ ਪੜ੍ਹਾ ਲਈ ਚਾਲੇ ਪਾਏ।

**ਸੂਬਾ ਬਲਵਿੰਦਰ ਸਿੰਘ ਝੱਲ**

.......................................................

## ਸ੍ਰੀ ਸਤਿਗੁਰੂ ਜੀ ਦੇ ਜਲੰਧਰ ਸ਼ਹਿਰ ਵਿਖੇ ਦਰਸ਼ਨ

ਨਾਮਧਾਰੀ ਪੰਥ ਦੇ ਗੱਦੀ ਨਸ਼ੀਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਹਰ ਨਾਮਧਾਰੀ ਪਰਿਵਾਰ ਦੇ ਦੁੱਖ ਅਤੇ ਸੁੱਖ ਨੂੰ ਆਪਣਾ ਨਿੱਜੀ ਦੁੱਖ ਸਮਝਦੇ ਹੋਏ ਨਾਮਧਾਰੀ ਸਾਧ ਸੰਗਤ ਨੂੰ ਸਮੇਂ ਸਮੇਂ ਮੁਤਾਬਿਕ ਜਾ ਕੇ ਪਰਿਵਾਰਾਂ ਨੂੰ ਗੁਰੂ ਕੇ ਭਾਣੇ ਨੂੰ ਮੰਨਣ ਲਈ ਪ੍ਰੇਰਦੇ ਹਨ। ਪਿਛਲੇ ਦਿਨੀਂ ਸ੍ਰੀ ਸਤਿਗੁਰੂ ਜੀ ਨੇ **ਮਿਤੀ 25 ਦਸੰਬਰ 2024 ਦਿਨ ਬੁੱਧਵਾਰ** ਨੂੰ ਸਵੇਰੇ 9 ਵੱਜ ਕੇ 20 ਮਿੰਟ ਤੇ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਵਾਇਆਂ ਲੁਧਿਆਣਾ ਹੁੰਦੇ ਹੋਏ ਜਲੰਧਰ ਸ਼ਹਿਰ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਜਲੰਧਰ ਸ਼ਹਿਰ ਦੇ ਵਡਾਲਾ ਚੱਕ ਵਿਖੇ ਸ. ਅਵਤਾਰ ਸਿੰਘ ਲੁਹਾਰ ਪ੍ਰਤਾਪ ਪੁਰ ਵਾਲਿਆਂ ਦੇ ਗ੍ਰਹਿ ਵਿਖੇ ਚਰਨ ਪਾਉਣ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸੈਂਟਰਲ ਟਾਊਨ ਵਿਖੇ ਸ. ਨਿਰਮਲ ਸਿੰਘ ਦੇ ਹੋਣਹਾਰ ਅਤੇ ਨੌਜਵਾਨ ਪੁੱਤਰ ਸ. ਪਰਮਵੀਰ ਸਿੰਘ ਦੇ ਚੜ੍ਹਾਈ ਕਰਨ ਉਪਰੰਤ ਪਰਿਵਾਰ ਨੂੰ ਦਰਸ਼ਨ ਦੇ ਕੇ ਗੁਰੂ ਕੇ ਭਾਣੇ ਨੂੰ ਮੰਨਣ ਦਾ ਹੁਕਮ ਕੀਤਾ। ਜ਼ਿਕਰਯੋਗ ਹੈ ਕਿ ਸ. ਪਰਮਵੀਰ ਸਿੰਘ ਪੁੱਤਰ ਸ. ਨਿਰਮਲ ਸਿੰਘ ਕੁਝ ਸਮਾਂ ਬੀਮਾਰ ਰਹਿਣ ਉਪਰੰਤ ਚੜ੍ਹਾਈ ਕਰ ਗਿਆ ਸੀ। ਪਰਿਵਾਰ ਵਲੋਂ ਪਵਿੱਤਰ ਗੁਰਬਾਣੀ ਦੇ ਪਾਠ ਦਾ ਆਪਣੇ ਗ੍ਰੀਹ ਵਿਖੇ ਹੀ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਾਇਆ ਗਿਆ।

ਪਰਿਵਾਰ ਨੂੰ ਦਰਸ਼ਨ ਦੇਣ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਅਕਸ਼ਰਧਾਮ ਮੰਦਰ ਵਿਖੇ ਦਰਸ਼ਨ ਦਿੱਤੇ ਜਿਥੇ ਮੰਦਰ ਦੇ ਸੁੰਦਰ ਹਾਲ ਅੰਦਰ ਸ੍ਰੀ ਸਤਿਗੁਰੂ ਜੀ ਦੇ ਹਜ਼ੂਰੀ ਰਾਗੀ ਸੰਤ ਹਰਬੰਸ ਸਿੰਘ ਘੁੱਲਾ ਜੀ ਦੀ ਅਗਵਾਈ ਵਿੱਚ ਰਾਗੀ ਹਰਵਿੰਦਰ ਸਿੰਘ ਹਿੰਦਾ, ਈਸ਼ਰ ਸਿੰਘ ਅਤੇ ਅਜੇਪਾਲ ਸਿੰਘ ਗੁਰਬਾਣੀ ਦਾ ਕੀਰਤਨ ਸ. ਪਰਮਵੀਰ ਸਿੰਘ ਨਮਿੱਤ ਕਰ ਰਹੇ ਸਨ। ਗੁਰਬਾਣੀ ਵਿਚ ਦਰਜ ਬਾਬਾ ਫਰੀਦ ਜੀ ਦਾ ਸ਼ਬਦ 'ਜੋ ਮਨਿ ਚਿਤਿ ਨਾ ਚੇਤੇ ਸਨਿ ਸੋ ਗਾਲੀ ਰਬ ਕੀਆ' ਗਾਇਨ ਕਰ ਰਹੇ ਸਨ।

ਕੀਰਤਨ ਦੀ ਸਮਾਪਤੀ ਦੀ ਅਰਦਾਸ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਕੀਤੀ ਗਈ। ਪਰਿਵਾਰ ਨਾਲ ਦੁੱਖ ਸਾਝਾਂ ਕਰਨ ਲਈ ਸ਼ਹਿਰ ਦੇ ਹਰ ਖੇਤਰ ਨਾਲ ਸਬੰਧਤ ਲੋਕ ਸਾਧ ਸੰਗਤ ਦੇ ਰੂਪ ਵਿੱਚ ਹਾਜ਼ਰ ਸਨ। ਅਕਸ਼ਰਧਾਮ ਦੇ ਇਸ ਮੰਦਰ ਦੇ ਮੁੱਖ ਪੁਜਾਰੀ ਵਲੋਂ ਸ੍ਰੀ ਸਤਿਗੁਰੂ ਜੀ ਫੁੱਲ ਮਾਲਾਵਾਂ ਪਾ ਕੇ ਸੁਆਗਤ ਕੀਤਾ ਗਿਆ।

ਕੀਰਤਨ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਲਈ ਚਾਲੇ ਪਾਏ ਇਸ ਸਮੇਂ ਸ. ਨਵਤੇਜ ਸਿੰਘ ਚੀਮਾਂ Ex M.L.A ਸੁਲਤਾਨਪੁਰ ਲੋਧੀ ਵੀ ਹਾਜ਼ਰ ਸਨ।

**ਸੂਬਾ ਬਲਵਿੰਦਰ ਸਿੰਘ ਝੱਲ**

.......................................................

## ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਸ਼ਹੀਦੀ ਮੇਲਾ

ਪੰਜਾਬ ਦੇ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੀ ਧਰਤੀ ਜੋ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਪੁੱਤਰਾਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਆਪਣੀ ਬੁੱਕਲ ਵਿੱਚ ਸਮੋਈ ਬੈਠੀ ਹੈ ਅਤੇ ਹੱਕ ਅਤੇ ਸੱਚ ਦੀ ਅਵਾਜ਼ ਨੂੰ ਬੁਲੰਦ ਕਰਕੇ ਹਮੇਸ਼ਾ ਜ਼ੁਲਮ ਦੇ ਖਿਲਾਫ ਲੜਨ ਦੀ ਪ੍ਰੇਰਨਾ ਦਿੰਦੀ ਰਹੇਗੀ। ਇਸ ਪਾਵਨ ਅਤੇ ਪਵਿੱਤਰ ਧਰਤੀ ਤੇ ਉਹਨਾਂ ਸੂਰਬੀਰਾਂ ਦੀ ਸ਼ਹਾਦਤ ਨੂੰ ਸਿਜਦਾ ਕਰਨ ਲਈ ਹਰ ਸਾਲ ਦੀ ਤਰ੍ਹਾਂ ਇਲਾਕਾਂ ਨਿਵਾਸੀ ਸਾਧ ਸੰਗਤ ਨੇ ਸੂਬਾ ਸਵਿੰਦਰ ਸਿੰਘ ਅਤੇ ਗਿਆਨੀ ਜੋਗਿੰਦਰ ਸਿੰਘ ਜੀ ਦੀ ਅਗਵਾਈ ਵਿੱਚ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ **ਮਿਤੀ 26 ਦਸੰਬਰ 2024 ਦਿਨ ਵੀਰਵਾਰ** ਨੂੰ ਸ਼ਹੀਦੀ ਮੇਲਾ ਮਨਾਉਣ ਦਾ ਪ੍ਰੋਗਰਾਮ ਉਲੀਕਿਆਂ ਗਿਆ।

ਦਿੱਤੇ ਹੋਏ ਸਮੇਂ ਮੁਤਾਬਿਕ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਸਵੇਰੇ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਪਹਿਲਾਂ ਲੁਧਿਆਣਾ ਵਿਖੇ ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਵਿੱਚ ਉਸਤਾਦ ਹਰਭਜਨ ਸਿੰਘ ਜੀ ਨੂੰ ਅਤੇ ਮਾਤਾ ਚੰਦ ਕੌਰ ਜੀ ਦੇ ਭਰਾ ਸ. ਬਲੀ ਸਿੰਘ ਨੂੰ ਦਰਸ਼ਨ ਦੇਣ ਉਪਰੰਤ ਫਤਹਿਗੜ੍ਹ ਸਾਹਿਬ ਲਈ ਚਾਲੇ ਪਾਏ। ਵਾਇਆਂ ਖਮਾਣੋ ਮੁਰਿੰਡਾ ਹੁੰਦੇ ਹੋਏ ਸ੍ਰੀ ਸਤਿਗੁਰੂ ਜੀ ਨੇ 12:35 ਤੇ ਫਤਹਿਗੜ੍ਹ ਸਾਹਿਬ ਦੀ ਨਾਮਧਾਰੀ ਧਰਮਸ਼ਾਲਾ ਵਿਖੇ ਪਹੁੰਚਣ ਤੇ ਇਲਾਕਾ ਨਿਵਾਸੀ ਅਤੇ ਗਿਆਨੀ ਜੀ ਦੇ ਪਰਿਵਾਰ ਵਲੋਂ ਸ੍ਰੀ ਸਤਿਗੁਰੂ ਜੀ ਦਾ ਸੁਆਗਤ ਕੀਤਾ ਗਿਆ। ਜਦੋਂ ਸ੍ਰੀ ਸਤਿਗੁਰੂ ਜੀ ਨੇ ਦੀਵਾਨ ਹਾਲ ਵਿੱਚ ਦਰਸ਼ਨ ਦਿੱਤੇ ਤਾਂ ਜਥੇ. ਕਮਾਲ ਸਿੰਘ ਭੈਣੀ ਸਾਹਿਬ ਆਪਣੇ ਜਥੇ ਸਮੇਤ ਦੀਵਾਨ ਸਜਾ ਰਹੇ ਸਨ। ਉਪਰੰਤ ਹਜ਼ੂਰੀ ਰਾਗੀ ਸੰਤ ਹਰਬੰਸ ਸਿੰਘ ਜੀ ਘੁੱਲਾ, ਹਰਵਿੰਦਰ ਸਿੰਘ ਹਿੰਦਾ, ਈਸ਼ਰ ਸਿੰਘ ਅਤੇ ਅਜੇਪਾਲ ਸਿੰਘ ਨੇ ਗੁਰਬਾਣੀ ਦੇ ਕੀਰਤਨ ਸਮੇਂ ਸ਼ਬਦ ਗੁਰੂ ਨਾਨਕ ਦੇਵ ਜੀ ਬਾਣੀ ਵਿੱਚ 'ਜਉ ਤਉ ਪ੍ਰੇਮ ਖੇਲਣ ਕਾ ਚਾਉ' ਪੜ੍ਹਿਆ। ਕੀਰਤਨ ਉਪਰੰਤ ਸੰਤ ਨਿਸ਼ਾਨ ਸਿੰਘ ਜੀ ਨੇ ਕਥਾ ਕੀਤੀ।

ਸਵੇਰ ਤੋਂ ਲੈ ਕੇ ਸੂਬਾ ਅਜੀਤ ਸਿੰਘ ਜੀ ਬਟਾਲਾ, ਸੂਬਾ ਬਲਵਿੰਦਰ ਸਿੰਘ ਚੱਕਯਕੂਬ, ਕਵੀਸਰ ਦਿਲਬਾਗ ਸਿੰਘ ਤੇ ਗੁਰਸੇਵ ਸਿੰਘ ਵਲਟੋਆ ਅਤੇ ਨਿਰਮਲ ਸਿੰਘ ਭੋਇਵਾਲੀ ਨੇ ਕ੍ਰਮਵਾਰ ਦੀਵਾਨ ਸਜਾਏ। ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਲੁਧਿਆਣਾ ਦੇ ਨੌਜਵਾਨਾਂ ਦੇ ਜਥੇ ਵਲੋਂ ਕੀਤਾ ਗਿਆ ਅਤੇ ਪਵਿੱਤਰ ਗੁਰਬਾਣੀ ਦੇ ਪਾਠਾਂ ਦੇ ਭੋਗ ਵੀ ਸ਼ਹੀਦਾਂ ਦੀ ਯਾਦ ਵਿੱਚ ਪਾਏ ਗਏ। ਸੰਤ ਕਰਮ ਸਿੰਘ ਹਿੰਮਤਪੁਰੇ ਵਾਲਿਆਂ ਦੇ ਨਗਰ ਦੀ ਸੰਗਤ ਵਲੋਂ ਸੰਤ ਜਸਵੰਤ ਸਿੰਘ ਜੀ ਦੀ ਅਗਵਾਈ ਵਿੱਚ ਦੁੱਧ ਦਾ ਲੰਗਰ ਸ਼ਹੀਦਾਂ ਦੀ ਯਾਦ ਵਿੱਚ ਲਾਇਆ ਗਿਆ। ਸ਼ਹਿਬਜਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਯਾਦ ਵਿੱਚ ਮੇਲਾ ਮਨਾਉਂਦੇ ਹੋਏ ਇਲਾਕਾ ਨਿਵਾਸੀ ਸਾਧ ਸੰਗਤ ਅਤੇ ਸੰਤ ਸੁਦਾਗਰ ਸਿੰਘ ਅਤੇ ਮਾਤਾ ਸੰਪੂਰਨ ਕੌਰ ਦੇ ਪਰਿਵਾਰ ਵਲੋਂ ਮੇਲੇ ਦੀ ਸੇਵਾ ਕਰਵਾਈ ਗਈ।

**ਸੂਬਾ ਬਲਵਿੰਦਰ ਸਿੰਘ ਝੱਲ**

.....................................................................

## ਸੂਬਾ ਬਲਵਿੰਦਰ ਸਿੰਘ ਝੱਲ ਜੀ ਨੂੰ ਥਾਪਿਆ ਨਾਮਧਾਰੀ ਦਰਬਾਰ ਦਾ ਪ੍ਰਧਾਨ

ਨਾਮਧਾਰੀ ਸੰਪਰਦਾ ਦੇ ਮੌਜੂਦਾ ਰਹਿਨੁਮਾ ਸਤਿਗੁਰੂ ਉਦੇ ਸਿੰਘ ਜੀ ਨੇ ਸੂਬਾ ਬਲਵਿੰਦਰ ਸਿੰਘ ਝੱਲ ਜੀ ਨੂੰ ਨਾਮਧਾਰੀ ਦਰਬਾਰ ਦੇ ਪ੍ਰਧਾਨ ਦੇ ਅਹੁਦੇ ਦੀ ਸੇਵਾ ਬਖਸ਼ਿਸ਼ ਕੀਤੀ ਹੈ। 1970 ਈ. ਤੋਂ ਨਾਮਧਾਰੀ ਦਰਬਾਰ ਦੇ ਪ੍ਰਧਾਨ ਦੀਆਂ ਇਹਨਾਂ ਜਿੰਮੇਵਾਰੀਆਂ ਦੀ ਸੇਵਾ ਮੈਂਬਰ ਪਾਰਲੀਮੈਂਟ, ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ, ਆਲ ਇੰਡੀਆ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ, ਸੂਬਾ ਪ੍ਰਧਾਨ ਤੇ ਹੁਣ ਪੇਡਾ ਦੇ ਚੇਅਰਮੈਨ ਸਰਦਾਰ ਹਰਵਿੰਦਰ ਸਿੰਘ ਹੰਸਪਾਲ ਜੀ ਕਰਦੇ ਆ ਰਹੇ ਸਨ। 21 ਦਸੰਬਰ 2024 ਨੂੰ ਉਹਨਾਂ ਦੇ ਅਕਾਲ ਚਲਾਣੇ ਤੋਂ ਬਾਅਦ ਇਹ ਅਹੁਦਾ ਖਾਲੀ ਹੋ ਗਿਆ ਸੀ। 31 ਦਸੰਬਰ 2024 ਨੂੰ ਸ੍ਰੀ ਹੰਸਪਾਲ ਜੀ ਦੇ ਸਰਧਾਂਜਲੀ ਸਮਾਰੋਹ ਤੋਂ ਬਾਅਦ ਅਗਲੇ ਦਿਨ ਹੀ 1 ਜਨਵਰੀ 2025 ਨੂੰ ਸਤਿਗੁਰੂ ਉਦੇ ਸਿੰਘ ਜੀ ਵੱਲੋਂ ਨਾਮਧਾਰੀ ਸੰਪਰਦਾ ਦੇ ਇਸ ਵੱਡੀਆਂ ਜਿੰਮੇਵਾਰੀਆਂ ਵਾਲੇ ਅਹੁਦੇ ਦੀ ਸੇਵਾ ਸੂਬਾ ਬਲਵਿੰਦਰ ਸਿੰਘ ਝੱਲ ਜੀ ਨੂੰ ਸੌਂਪ ਦਿੱਤੀ ਗਈ ਹੈ ਅਤੇ ਉਹਨਾਂ ਨੂੰ ਨਾਮਧਾਰੀ ਦਰਬਾਰ ਦਾ ਪ੍ਰਧਾਨ ਥਾਪ ਦਿੱਤਾ ਗਿਆ ਹੈ।

ਸੂਬਾ ਬਲਵਿੰਦਰ ਸਿੰਘ ਝੱਲ ਜੀ ਦਾ ਜਨਮ 1 ਨਵੰਬਰ 1968 ਈ. ਨੂੰ ਪਿਤਾ ਸ. ਪਾਲਾ ਸਿੰਘ ਦੇ ਘਰ ਅਤੇ



ਸੁਭਾਗੀ ਮਾਤਾ ਗੁਰਮੀਤ ਕੌਰ ਜੀ ਦੀ ਕੁੱਖੋਂ ਪਿੰਡ ਝੱਲ ਜ਼ਿਲ੍ਹਾ ਸੰਗਰੂਰ ਵਿਖੇ ਹੋਇਆ। ਉਹਨਾਂ ਮੁੱਢਲੀ ਪੜ੍ਹਾਈ ਪਿੰਡ ਝੱਲ ਦੇ ਸਰਕਾਰੀ ਸਕੂਲ ਵਿੱਚੋਂ ਪ੍ਰਾਪਤ ਕੀਤੀ ਅਤੇ ਉਚੇਰੀ ਵਿਦਿਆ ਉਹਨਾਂ ਰਿਪੁਦਮਨ ਕਾਲਜ ਨਾਭਾ ਵਿਚੋਂ ਲਈ। ਪੜ੍ਹਾਈ ਦੇ ਨਾਲ ਨਾਲ ਉਹਨਾਂ 1988 ਈ. ਤੋਂ 1992 ਈ. ਤੱਕ ਘਰ ਦੀਆਂ ਜਿੰਮੇਵਾਰੀਆਂ ਅਤੇ ਖੇਤੀਬਾੜੀ ਦਾ ਕੰਮ ਕਾਰ ਵੀ ਸੰਭਾਲਿਆ। ਉਹਨਾਂ ਪਸ਼ੂ ਪਾਲਣ ਡਿਪਾਰਟਮੈਂਟ ਵਿੱਚ ਸਰਕਾਰੀ ਨੌਕਰੀ ਵੀ ਕੀਤੀ।

10 ਦਸੰਬਰ 1992 ਈ. ਨੂੰ ਆਪ ਜੀ ਦਾ ਅਨੰਦ ਕਾਰਜ ਮਿਰਜ਼ਾਪੁਰ, ਸਿਰਸਾ (ਹਰਿਆਣਾ) ਦੀ ਘਰਾਣੇ ਪਰਿਵਾਰ ਦੀ ਲੜਕੀ ਬੀਬੀ ਰਾਜਵੀਰ ਕੌਰ ਨਾਲ ਹੋਇਆ। ਸੰਤਾਨ ਦੇ ਰੂਪ ਵਿੱਚ ਉਹਨਾਂ ਨੂੰ ਹੋਣਹਾਰ ਸਪੁੱਤਰ ਲਵਪ੍ਰੀਤ ਸਿੰਘ ਦੀ ਦਾਤ ਮਿਲੀ ਹੈ ਜੋ ਕੈਲਗਰੀ, ਕਨੇਡਾ ਵਿਖੇ ਆਪਣੇ ਪਰਿਵਾਰ, ਪਤਨੀ ਅਤੇ ਬੱਚਿਆਂ ਨਾਲ ਘੁੱਗ ਵੱਸਦਾ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਨੌਜਵਾਨ ਬਲਵਿੰਦਰ ਸਿੰਘ ਜੀ ਦੇ ਗੁਰਸਿੱਖੀ ਨੂੰ ਸਮਰਪਿਤ ਜੀਵਨ, ਕਾਬਲੀਅਤ ਅਤੇ ਨਾਮਧਾਰੀ ਪੰਥ ਲਈ ਉਸਾਰੂ ਭਾਵਨਾਵਾਂ ਨੂੰ ਦੇਖਦਿਆਂ 26 ਨਵੰਬਰ 1995 ਈ. ਨੂੰ ਮਲੇਰਕੋਟਲਾ ਸੰਗਤ ਦੇ ਪ੍ਰਧਾਨ ਦੇ ਅਹੁਦੇ ਦੀ ਸੇਵਾ ਬਖਸ਼ੀ। ਉਹਨਾਂ ਆਪਣੀਆਂ ਜ਼ੁੰਮੇਵਾਰੀਆਂ ਨੂੰ ਤਨਦੇਹੀ ਨਾਲ ਨਿਭਾਇਆ। ਇਸ ਨੌਜਵਾਨ ਵੱਲੋਂ ਸਤਿਗੁਰੂ ਰਾਮ ਸਿੰਘ ਜੀ ਦੇ ਗੁਰਸਿੱਖੀ ਦੇ ਸੁਨੇਹੇਂ ਨੂੰ ਘਰ ਘਰ ਪਹੁੰਚਾਉਣ, ਸੰਗਤ ਨਾਲ ਮੇਲ ਮਿਲਾਪ, ਉੱਚੀ ਸਮਝ ਅਤੇ ਵਧੀਆ ਕਾਰਗੁਜ਼ਾਰੀ ਨੂੰ ਦੇਖਦਿਆਂ ਸਤਿਗੁਰੂ ਜਗਜੀਤ ਸਿੰਘ ਜੀ ਨੇ 20 ਸਤੰਬਰ 1998 ਈਸਵੀ ਨੂੰ ਆਪ ਜੀ ਨੂੰ ਨਾਮਧਾਰੀ ਸੰਗਤ ਦੇ ਸੂਬਾ ਦੀ ਪਦਵੀ ਬਖਸ਼ੀ। ਸੂਬਾ ਜੀ ਨੌਜਵਾਨ ਸਨ, ਸੇਵਾ ਤੇ ਕੰਮ ਕਰਨ ਦਾ ਚਾਅ ਸੀ, ਉਹਨਾਂ ਦਿਨ ਰਾਤ ਨਾਮਧਾਰੀ ਪੰਥ ਦੀ ਸੇਵਾ ਕੀਤੀ, ਸਤਿਗੁਰੂ ਜੀ ਦੇ ਹੁਕਮ ਨਾਲ ਹੋਲੇ ਮਹੱਲੇ, ਅੱਸੂ ਦੇ ਮੇਲੇ, ਵੱਡਿਆਂ ਮੇਲਿਆਂ, ਸਮਾਗਮਾਂ, ਨਾਮਧਾਰੀ ਸ਼ਹੀਦੀ ਮੇਲਿਆਂ ਦੀ ਦੇਖ ਰੇਖ ਦੀ ਸੇਵਾ ਅਤੇ ਜ਼ੁੰਮੇਵਾਰੀਆਂ ਨੂੰ ਸਫਲਤਾਪੂਰਵਕ ਸੰਭਾਲਿਆ। ਮਿਲਾਪੜੇ ਅਤੇ ਹਸਮੁੱਖ ਸੁਭਾਅ ਨਾਲ ਸੰਗਤ ਦਾ ਦਿਲ ਜਿੱਤਿਆ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸ ਨੌਜਵਾਨ ਸੂਬਾ ਸਾਹਿਬ ਨੂੰ ਸੰਤ ਗੁਰਮੁੱਖ ਸਿੰਘ ਜੀ ਰਹਿਬਰ ਤੋਂ ਬਾਅਦ ਵਿਸ਼ਵ ਭਰ ਦੇ ਨੌਜਵਾਨਾਂ ਦੇ ਸੰਗਠਨ ਵਿਸ਼ਵ ਨਾਮਧਾਰੀ ਵਿਦਿਅਕ ਜੱਥੇ ਦੀ ਜ਼ੁੰਮੇਵਾਰੀ ਦਿੱਤੀ ਅਤੇ 3 ਜੂਨ 2001 ਈ. ਵਿੱਚ ਵਿਸ਼ਵ ਨਾਮਧਾਰੀ ਵਿੱਦਿਅਕ ਜੱਥੇ ਦੇ ਪ੍ਰਧਾਨ ਦੀ ਸੇਵਾ ਬਖਸ਼ਿਸ਼ ਕੀਤੀ। ਸੂਬਾ ਜੀ ਨੇ ਆਪਣੀਆਂ ਜ਼ੁੰਮੇਵਾਰੀਆਂ ਨਿਭਾਉਂਦਿਆਂ ਦਿਨ ਰਾਤ ਸੇਵਾ ਕੀਤੀ। ਸੂਬਾ ਜੀ ਵਿਸ਼ਵ ਨਾਮਧਾਰੀ ਵਿੱਦਿਅਕ ਜੱਥੇ ਅਤੇ ਵਿਸ਼ਵ ਨਾਮਧਾਰੀ ਇਸਤਰੀ ਵਿੱਦਿਅਕ ਜੱਥੇ ਦੇ ਬਾਕੀ ਅਹੁਦੇਦਾਰਾਂ ਨਾਲ ਪਿੰਡ ਪਿੰਡ, ਸ਼ਹਿਰ ਸ਼ਹਿਰ ਗਏ। ਪੰਜਾਬ, ਹਰਿਆਣਾ, ਹਿਮਾਚਲ, ਦਿੱਲੀ ਅਤੇ ਭਾਰਤ ਦੇ ਵੱਖ-ਵੱਖ ਇਲਾਕਿਆਂ ਵਿੱਚ ਜਾ ਕੇ ਸਤਿਗੁਰੂ ਜੀ ਦੇ ਹੁਕਮ ਮੁਤਾਬਕ ਨੌਜਵਾਨਾਂ ਨੂੰ ਗੁਰਮਤਿ, ਗੁਰਬਾਣੀ, ਨਰੋਈ ਸਿਹਤ ਅਤੇ ਉਚੇਰੀ ਵਿਦਿਆ ਦੀ ਪ੍ਰਾਪਤੀ ਲਈ ਸ੍ਰੀ ਭੈਣੀ ਵਿਖੇ ਹੁੰਦੇ ਵਿੱਦਿਅਕ ਸੰਮੇਲਨਾਂ ਨਾਲ ਜੋੜਿਆ। ਸਤਿਗੁਰੂ ਜੀ ਦਾ ਸੁਨੇਹਾਂ ਘਰ ਘਰ ਪਹੁੰਚਾਇਆ ਅਤੇ ਵਿੱਦਿਅਕ ਸੰਮੇਲਨਾਂ ਦੀ ਅਗਵਾਈ ਕੀਤੀ। ਇਸ ਸਮੇਂ ਦੌਰਾਨ ਮੈਨੂੰ ਨਾਮਧਾਰੀ ਵਿਦਿਅਕ ਜੱਥੇ ਦੇ ਮਾਲਵੇ ਦੇ ਕਨਵੀਨਰ ਦੀ ਸੇਵਾ ਨਿਭਾਉਣ ਦੇ ਨਾਤੇ ਸੂਬਾ ਜੀ ਨਾਲ ਸੇਵਾ ਕਾਰਜ ਕਰਨ ਦਾ ਮੌਕਾ ਮਿਲਿਆ।

ਸੂਬਾ ਜੀ ਦਾ ਜੀਵਨ ਸ੍ਰੀ ਭੈਣੀ ਸਾਹਿਬ ਤੇ ਨਾਮਧਾਰੀ ਸੰਗਤ ਦੀ ਸੇਵਾ ਨੂੰ ਸਮਰਪਿਤ ਹੋ ਗਿਆ। ਸਤਿਗੁਰੂ ਜਗਜੀਤ ਸਿੰਘ ਦੇ ਹੁਕਮ ਨਾਲ 2000 ਈ. ਵਿੱਚ ਆਪ ਜੀ ਦਾ ਪੱਕੇ ਤੌਰ ਤੇ ਸ੍ਰੀ ਭੈਣੀ ਸਾਹਿਬ ਵਿਖੇ ਰੈਣ

ਵਿਸੇਰਾ ਹੋ ਗਿਆ। ਆਪ ਜੀ ਅੱਜ ਕੱਲ੍ਹ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਰਹਿਨੁਮਾਈ ਹੇਠ ਸ੍ਰੀ ਭੈਣੀ ਸਾਹਿਬ ਦੇ ਪ੍ਰਬੰਧਕ ਅਤੇ ਮੈਨੇਜਰ ਦੀ ਸੇਵਾ ਨਿਭਾ ਰਹੇ ਹਨ। ਅੱਜ ਕੱਲ੍ਹ ਸੂਬਾ ਜੀ ਜਿੱਥੇ ਸ੍ਰੀ ਭੈਣੀ ਸਾਹਿਬ ਦੀਆਂ ਵੱਡੀਆਂ ਜਿੰਮੇਵਾਰੀਆਂ ਅਤੇ ਦੇਸ਼ ਵਿਦੇਸ਼ ਵਿੱਚ ਫੈਲੀ ਨਾਮਧਾਰੀ ਸੰਗਤ ਦੀਆਂ ਜਿੰਮੇਵਾਰੀਆਂ ਨਿਭਾ ਰਹੇ ਹਨ ਅਤੇ ਬਹੁਤ ਵਾਰ ਸਤਿਗੁਰੂ ਜੀ ਨਾਲ ਦੇਸ਼ ਵਿਦੇਸ਼ ਦੇ ਦੌਰਿਆਂ ਤੇ ਵੀ ਜਾਂਦੇ ਹਨ ਉੱਥੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਦੇ ਸਮੇਂ ਤੋਂ ਲੈ ਕੇ ਅੱਜ ਤੱਕ ਉਹ ਨਾਮਧਾਰੀ ਦਰਬਾਰ ਦੇ ਅਰਦਾਸੀਏ ਸਿੰਘ ਦੀ ਸੇਵਾ ਵੀ ਨਿਭਾ ਰਹੇ ਹਨ।

ਸਰਦਾਰ ਹਰਵਿੰਦਰ ਸਿੰਘ ਹੰਸਪਾਲ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਮੌਜੂਦਾ ਰਹਿਨੁਮਾ ਸਤਿਗੁਰੂ ਉਦੇ ਸਿੰਘ ਜੀ ਨੇ ਸੂਬਾ ਜੀ ਨੂੰ ਨਾਮਧਾਰੀ ਦਰਬਾਰ ਦੇ ਪ੍ਰਧਾਨ ਦੇ ਅਹੁਦੇ ਦੀ ਸੇਵਾ ਬਖਸ਼ਿਸ਼ ਕੀਤੀ ਹੈ। ਸੂਬਾ ਜੀ ਦਾ ਕਹਿਣਾ ਹੈ ਕਿ ਇਹ ਸਭ ਸਤਿਗੁਰੂ ਜੀ ਦੀਆਂ ਵਡਿਆਈਆਂ ਹੀ ਹਨ ਉਹ ਜਾਣੀ ਜਾਣ ਅਕਾਲ ਪੁਰਖ ਸਤਿਗੁਰੂ ਹੈ। ਮੈਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਬਹੁਤ ਪਿਆਰ ਮਿਲਿਆ ਹੈ ਤੇ ਹੁਣ ਹਜ਼ੂਰ ਸਤਿਗੁਰੂ ਜੀ ਵੀ ਮੈਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਵਾਂਗ ਹੀ ਪਿਆਰ ਕਰਦੇ ਹਨ ਅਤੇ ਬਖਸ਼ਿਸ਼ਾਂ ਨਾਲ ਝੋਲੀਆਂ ਭਰਦੇ ਹਨ-

ਆਪੇ ਜਗਜੀਵਨੁ ਸੁਖਦਾਤਾ ਆਪੇ ਬਖਸਿ ਮਿਲਾਏ॥
ਜੀਅ ਜੰਤ ਏ ਕਿਆ ਵੇਚਾਰੇ ਕਿਆ ਕੋ ਆਖਿ ਸੁਣਾਏ॥

**ਡਾ. ਲਖਵੀਰ ਸਿੰਘ ਨਾਮਧਾਰੀ, ਰਾਮਪੁਰਾ ਫੂਲ**

## ਸ. ਹਰਵਿੰਦਰ ਸਿੰਘ ਜੀ ਦਾ ਭੋਗ ਸਮਾਗਮ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਤੋ ਵਰੋਸਾਏ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਨਿਵਾਜਿਸ਼ ਦੇ ਪਾਤਰ ਅਤੇ ਸਤਿਗੁਰੂ ਉਦੇ ਸਿੰਘ ਜੀ ਦੇ ਸਿਦਕਵਾਨ ਸਿੱਖ ਸ. ਹਰਵਿੰਦਰ ਸਿੰਘ ਜੀ ਹੰਸਪਾਲ, 86 ਸਾਲਾਂ ਦੀ ਲੰਮੀ ਉਮਰ ਭੋਗ ਕੇ 20 ਦਿਸੰਬਰ 2024 ਨੂੰ ਜੀਵਨ ਪੰਧ ਮੁਕਾ ਗਏ। ਪਰਿਵਾਰ ਵਾਲਿਆਂ ਦੀ ਭਾਵਨਾ ਸੀ ਕਿ ਉਹਨਾਂ ਦਾ ਅੰਤਿਮ ਸਸਕਾਰ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਹੀ ਹੋਵੇ। ਕੁਛ ਰਿਸ਼ਤੇਦਾਰ ਵੀ ਵਿਦੇਸ਼ ਤੋਂ ਆਉਣੇ ਸਨ। ਇਸ ਲਈ ਸਤਿਗੁਰੂ ਜੀ ਤੋਂ ਆਗਿਆ ਲੈਕੇ ਅੰਤਿਮ ਯਾਤਰਾ ਦੀ ਤਿਆਰੀ 24 ਦਿਸੰਬਰ ਨੂੰ ਕੀਤੀ ਗਈ। ਰੋਜ਼ਾਨਾ ਸ਼ਾਮ ਨੂੰ ਕ੍ਰਮਵਾਰ (ਜਥੇਦਾਰ) ਨਿਸ਼ਾਨ ਸਿੰਘ, ਰਾਗੀ ਬਸੰਤ ਸਿੰਘ ਤੇ ਰਾਗੀ ਸਾਜਨ ਸਿੰਘ ਕੀਰਤਨ ਕਰਦੇ ਰਹੇ। 24 ਦਸੰਬਰ ਨੂੰ ਸੁੰਦਰ ਬਿਬਾਨ ਫੁੱਲਾਂ ਨਾਲ ਸਜਾਇਆ ਗਿਆ। ਦਿੱਲੀ ਦੇ ਸਥਾਨਕ ਜਥੇਦਾਰ ਦਰਸ਼ਨ ਸਿੰਘ, ਜਥੇਦਾਰ ਦਲਜੀਤ ਸਿੰਘ ਤੇ ਦਾਸ ਤੋਂ ਇਲਾਵਾ ਸੂਬਾ ਸਾਧਾ ਸਿੰਘ ਮੰਡੀ ਤੇ ਮਹੰਤ ਪ੍ਰੀਤਮ ਸਿੰਘ ਜੀ ਨੇ "ਮੈ ਪਿਛੇ ਕੀਰਤਨ ਕਰਿਅਹੁ ਨਿਰਬਾਣ ਜੀਉ" ਦੇ ਕਥਨ ਅਨੁਸਾਰ ਕੀਰਤਨ ਕਰਦਿਆਂ K-17 ਰਾਜੌਰੀ ਗਾਰਡਨ ਤੋਂ ਪੰਜਾਬੀ ਬਾਗ਼ ਸ਼ਮਸ਼ਾਨ ਘਾਟ ਤੱਕ ਪਹੁੰਚੇ। ਵੱਡੀ ਗਿਣਤੀ ਵਿਚ ਸਾਧ ਸੰਗਤ, ਰਿਸ਼ਤੇਦਾਰ 'ਤੇ ਖਾਸ ਕਰਕੇ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਦੇ ਬੱਚੇ ਤੇ ਸਟਾਫ਼ ਵੀ ਇਸ 3 ਕਿਲੋਮੀਟਰ ਦੀ ਅੰਤਿਮ ਯਾਤਰਾ 'ਚ ਪੈਦਲ ਹੀ ਨਾਲ ਆਏ। ਸਤਿਗੁਰੂ ਜੀ ਨੇ ਗਵਾਲੀਅਰ ਤੋਂ ਹਵਾਈ ਜਹਾਜ ਰਾਹੀਂ ਦਿੱਲੀ ਪਹੁੰਚਣਾ ਸੀ। ਦੁਪਹਿਰੇ 2.15 ਵਜੇ ਦੇ ਕਰੀਬ ਸ੍ਰੀ ਸਤਿਗੁਰੂ ਜੀ ਸ਼ਮਸ਼ਾਨ ਘਾਟ ਦਰਸ਼ਨ ਦਿੱਤੇ। ਚਿਖ਼ਾ ਨੂੰ ਅਗਨ ਭੇਟ ਹੰਸਪਾਲ ਜੀ ਦੇ ਸਪੁੱਤਰ ਸੁਰਅੰਮ੍ਰਿਤ ਸਿੰਘ, ਗੁਰਅੰਮ੍ਰਿਤ ਸਿੰਘ ਪੋਤਰੇ ਸੁੰਦਰ ਸਿੰਘ ਤੇ ਗੰਗਾ ਸਿੰਘ ਨੇ ਕੀਤਾ। ਉਪਰੰਤ ਆਰਤੀ ਸੋਹਿਲੇ ਦਾ ਪਾਠ ਕੀਤਾ ਗਿਆ।

ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਹੰਸਪਾਲ ਜੀ ਨਮਿਤ ਪਾਠਾਂ ਦੇ ਭੋਗ ਦਾ ਦਿਨ 31 ਦਿਸੰਬਰ ਨਿਰਧਾਰਿਤ ਕੀਤਾ ਗਿਆ। ਰੋਜ਼ਾਨਾ ਸ਼ਾਮ ਨੂੰ 7 ਤੋ 8 ਵਜੇ ਹੰਸਪਾਲ ਪਰਿਵੇਖ ਵਿਖੇ ਸੰਤ ਨਿਸ਼ਾਨ ਸਿੰਘ ਜੀ (ਸ੍ਰੀ ਭੈਣੀ ਸਾਹਿਬ) ਕਥਾ ਕਰਦੇ ਰਹੇ।

ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਦੇ ਸਾਹਮਣੇ ਗਰਾਊਂਡ ਵਿੱਚ ਵਿਸ਼ਾਲ ਪੰਡਾਲ ਸਜਾਇਆ ਗਿਆ ਸੀ। ਵਡੀ ਗਿਣਤੀ ਚ ਆਉਣ ਵਾਲੇ ਵਿਸ਼ੇਸ਼ ਰਾਜਨੀਤਿਕ, ਸਮਾਜਿਕ ਤੇ ਧਾਰਮਿਕ ਮੁੱਖ ਮਹਿਮਾਨਾ ਤੋਂ ਇਲਾਵਾ ਸੰਗਤ ਦੀ ਵਡੀ ਗਿਣਤੀ ਨੂੰ ਧਿਆਨ 'ਚ ਰਖਦਿਆਂ ਸ਼ਰਧਾਂਜਲੀ ਸਮਾਗਮ ਪੰਡਾਲ ਵਿਚ ਰਖਿਆ ਗਿਆ ਸੀ। ਸਵੇਰੇ 11.30 ਵਜੇ ਸੂਬਾ ਨਰਿੰਦਰ ਕੌਰ ਜੀ ਦੀ ਅਗਵਾਈ ਹੇਠ ਬੀਬੀਆਂ ਦੇ ਜਥੇ ਵਲੋਂ ਕੀਰਤਨ ਸ਼ੁਰੂ ਕੀਤਾ ਗਿਆ। ਉਪਰੰਤ 12 ਵਜੇ ਪੰਡਿਤ ਯਾਦਵਿੰਦਰ ਸਿੰਘ ਜੀ ਨੇ "ਐਸੋ ਇਹ ਸੰਸਾਰ ਪੇਖਨਾ ਰਹਿਣ ਨਾ ਕੋਊ ਪਈ ਹੈ ਰੇ" ਸ਼ਬਦ ਦੀ ਵਿਆਖਿਆ ਕਰਦਿਆਂ ਹੰਸਪਾਲ ਜੀ ਨੂੰ ਯਾਦ ਕੀਤਾ ਕਿ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਮੈਂ ਬਨਾਰਸ

ਪੜ੍ਹਨ ਲਈ ਗਿਆ ਤੇ ਲਗਪਗ ੧੦ ਸਾਲ ਉਥੇ ਰਿਹਾ। ਬਨਾਰਸ ਯੂਨੀਵਰਸਿਟੀ ਵਿੱਚ ਗੁਰੂ ਰਾਮ ਸਿੰਘ ਚੇਅਰ ਸਥਾਪਿਤ ਹੋਈ। ਉਸ ਸੰਬੰਧੀ ਜਦੋਂ ਕਦੇ ਵੀ ਹੰਸਪਾਲ ਜੀ ਬਨਾਰਸ ਆਉਂਦੇ ਹੁੰਦੇ ਸਨ ਤਾਂ ਬੜੀ ਉਚੇਚ ਨਾਲ ਮੈਨੂੰ ਮਿਲਦੇ ਵੀ ਸਨ ਤੇ ਮੇਰੀਆਂ ਪਦਾਰਥਕ ਲੋੜਾਂ ਤੇ ਪੜ੍ਹਾਈ ਬਾਰੇ ਜ਼ਰੂਰ ਪੁਛਦੇ ਹੁੰਦੇ ਸਨ। ਪੰਡਿਤ ਜੀ ਤੋ ਬਾਅਦ ਨਾਮਧਾਰੀ ਪੰਥ ਦੇ ਹਜੂਰੀ ਰਾਗੀ ਬਲਵੰਤ ਸਿੰਘ ਜੀ, ਹਰਪ੍ਰੀਤ ਸਿੰਘ ਸੋਨੂੰ ' ਤੇ ਸ਼ਾਮ ਸਿੰਘ ਵਲੋਂ "ਸਰਵਰ ਹੰਸ ਧੁਰੇ ਹੀ ਮੇਲਾ" ਸ਼ਬਦ ਪੜ੍ਹਕੇ ਕੀਰਤਨ ਦੀ ਸ਼ੁਰੂਆਤ ਕੀਤੀ ਗਈ। ਪੌਣਾ ਘੰਟਾ ਚਲੇ ਇਸ ਕੀਰਤਨ ਦੀ ਸਮਾਪਤੀ "ਜੋ ਹਰਿ ਕਾ ਪਿਆਰਾ ਸੋ ਸਭਨਾ ਕਾ ਪਿਆਰਾ" ਸ਼ਬਦ ਨਾਲ ਹੋਈ।

ਕੀਰਤਨ ਉਪਰੰਤ ਸ਼ਰਧਾਂਜਲੀ ਸਮਾਰੋਹ ਵਿਚ ਆਏ ਹੋਏ ਵਿਸ਼ੇਸ਼ ਬੁਲਾਰਿਆਂ ਨੇ ਹੰਸਪਾਲ ਜੀ ਨਾਲ ਆਪਣੀਆਂ ਸਾਂਝਾਂ ਨੂੰ ਬਿਆਨ ਕੀਤਾ। ਸਭ ਤੋਂ ਪਹਿਲਾਂ ਸ. ਸੁਵਰਨ ਸਿੰਘ ਵਿਰਕ ਜੀ ਨੇ ਹੰਸਪਾਲ ਜੀ ਦੇ ਪਰਿਵਾਰਕ ਪਿਛੋਕੜ ਦਾ ਜ਼ਿਕਰ ਕੀਤਾ। ਉਹਨਾਂ ਨੇ ਦੱਸਿਆ ਕਿ ਹੰਸਪਾਲ ਜੀ ਦੇ ਵੱਡੇ ਵਡੇਰੇ ਬਾਬਾ ਠਾਕੁਰ ਸਿੰਘ ਜੀ ਸਤਿਗੁਰੂ ਹਰੀ ਸਿੰਘ ਜੀ ਦੇ ਵੇਲੇ ਤੋਂ ਸਿੱਖ ਸਜੇ। ਠੇਕੇਦਾਰੀ ਕਰਦਿਆਂ ਸੋਧ ਮਰਯਾਦਾ ਵੀ ਰੱਖੀ। ਆਪਣੀ ਕਮਾਈ ਵਿਚੋਂ ਦਸਵਾਂ ਹਿੱਸਾ ਗੁਰੂ ਕੇ ਲੰਗਰ ਚ ਜਰੂਰ ਪਾਇਆ ਕਰਦੇ ਸਨ। ਸ੍ਰੀ ਭੈਣੀ ਸਾਹਿਬ ਦੇ ਲੰਗਰ ਪ੍ਰਬੰਧ ਲਈ ਇਹਨਾਂ ਨੇ ਰਾਤੋ ਰਾਤ ਖਰਾਸ ਵੀ ਲਗਾਇਆ ਸੀ। ਜਿਸ ਨਿਸ਼ਾਨੀ ਦੇ ਦਰਸ਼ਨ ਸ੍ਰੀ ਭੈਣੀ ਸਾਹਿਬ ਲੰਗਰ ਕੰਪਲੈਕਸ ਵਿੱਚ ਅਸੀਂ ਅੱਜ ਵੀ ਕਰ ਸਕਦੇ ਹਾਂ। ਇਸ ਪਰਿਵਾਰ ’ਚੋਂ ਹੀ ਸ.ਗਿਆਨ ਸਿੰਘ ਜੀ ਦੇ ਘਰ 24 ਮਈ 1938 ਨੂੰ ਹੰਸਪਾਲ ਜੀ ਦਾ ਜਨਮ ਹੋਇਆ। ਹੰਸਪਾਲ ਜੀ ਰਾਜਨੀਤਿਕ ਸਮਾਜਿਕ ਤੇ ਧਾਰਮਿਕ ਖੇਤਰਾਂ ਵਿਚ ਵੱਡਾ ਨਾਮਣਾ ਖੱਟ ਕੇ ਗਏ ਹਨ। ਹੰਸਪਾਲ ਜੀ ਦਾ ਜਾਣਾ ਇਕ ਵਡਾ ਖਲਾਅ ਪੈਦਾ ਕਰ ਗਿਆ ਹੈ। ਪੰਜਾਬੀ ਸਾਹਿਤ ਸਭਾ ਲੁਧਿਆਣਾ ਅਤੇ ਹੋਰ ਬਹੁਤ ਸਾਰੀਆਂ ਲੇਖਕ ਸਭਾਵਾਂ ਦੇ ਸ਼ੋਕ ਸੰਦੇਸ਼ ਪ੍ਰਾਪਤ ਹੋਏ ਹਨ।

ਸੂਬਾ ਬਲਵਿੰਦਰ ਸਿੰਘ ਜੀ ਝਲ ਨੇ ਆਖਿਆ ਹੰਸਪਾਲ ਜੀ ਦਾ ਜੀਵਨ ਇਕ ਖੁੱਲ੍ਹੀ ਕਿਤਾਬ ਸੀ। ਉਹ ਸਤਿਗੁਰੂ ਜਗਜੀਤ ਸਿੰਘ ਜੀ ਦੀ ਖੁਸ਼ੀਆਂ ਦੇ ਪਾਤਰ ਰਹੇ। ਸੰਸਾਰ ਤਾਂ 10 ਸਾਲ ਲਗਾਤਾਰ ਕਿਸੇ ਇਕ ਸਖ਼ਸ਼ ਨੂੰ ਛੋਟੇ ਜਿਹੇ ਪਿੰਡ ਦੇ ਸਰਪੰਚ ਵਜੋਂ ਵੀ ਪ੍ਰਵਾਨ ਨਹੀਂ ਕਰਦਾ ਪਰ ਇਹ ਸਤਿਗੁਰੂ ਜੀ ਦੀ ਕਿਰਪਾ ਹੀ ਸੀ ਕਿ ਹੰਸਪਾਲ ਜੀ ਨੇ ਦਹਾਕਿਆਂ ਬੱਧੀ ਨਾਮਧਾਰੀ ਦਰਬਾਰ ਦੀ ਪ੍ਰਧਾਨਗੀ ਕੀਤੀ ਅਤੇ 12 ਸਾਲ ਰਾਜ ਸਭਾ ਮੈਂਬਰ ਵੀ ਰਹੇ।

ਡਾ. ਤਰਲੋਚਨ ਸਿੰਘ ਜੀ (ਸਾਬਕਾ ਐਮ ਪੀ, ਕੈਬਿਨਟ ਮੰਤਰੀ) ਨੇ ਹੰਸਪਾਲ ਜੀ ਨੂੰ ਯਾਦ ਕਰਦਿਆਂ ਆਖਿਆ ਕਿ ਉਹ ਸਤਿਗੁਰੂ ਜਗਜੀਤ ਸਿੰਘ ਜੀ ਦੇ Ambassador At Large ਸਨ। ਹਸਮੁੱਖ ਚੇਹਰਾ, humble nature, ਗੁਣਾ ਦੀ ਗੁਥਲੀ ਸਨ ਹੰਸਪਾਲ ਜੀ। ਮੈਨੂੰ ਯਾਦ ਹੈ ਜਦੋਂ ਪਹਿਲੀ ਪੰਜਾਬੀ ਨੈਸ਼ਨਲ ਕਾਨਫਰੰਸ ਹੰਸਪਾਲ ਜੀ ਨੇ ਬੈਂਕੌਕ ਵਿਖੇ organize ਕੀਤੀ। ਉਸਦਾ ਉਦਘਾਟਨ ਸਤਿਗੁਰੂ ਜਗਜੀਤ ਸਿੰਘ ਜੀ ਨੇ ਕੀਤਾ। ਦੂਜੀ ਕਾਨਫਰੰਸ ਅਮਰੀਕਾ ਦੇ ਸ਼ਿਕਾਗੋ ਪਰਗਣੇ ਚ ਕੀਤੀ ਗਈ। ਪਹਿਲੀ ਵਾਰੀ ਦੇਖਣ 'ਚ ਆਇਆ ਕਿ ਪੰਜਾਬੀ ਬੋਲੀ ਲਈ ਏਨਾ ਉਤਸ਼ਾਹ ਕੀਤਾ ਗਿਆ ਕਿ Charted Flight Air India ਦੀ ਦਿੱਲੀ ਤੋਂ ਸ਼ਿਕਾਗੋ ਗਈ। ਪੰਜਾਬੀ ਬੋਲੀ ਲਈ ਹੰਸਪਾਲ ਜੀ ਦੇ ਯਤਨ ਸ਼ਲਾਘਾਯੋਗ ਰਹੇ ਹਨ।

ਨਾਮਧਾਰੀ ਪੰਥ ਦੇ ਮੁੱਖ ਪ੍ਰਚਾਰਕ ਸੰਤ ਨਿਸ਼ਾਨ ਸਿੰਘ ਜੀ ਨੇ ਹੰਸਪਾਲ ਜੀ ਨੂੰ ਯਾਦ ਕਰਦਿਆਂ ਆਖਿਆ ਕਿ ਕਦੀ ਸਮਾਂ ਸੀ ਜਦੋਂ ਹੰਸਪਾਲ ਜੀ ਵੀ ਨੋਕਦਾਰ ਪੱਗ ਬੰਨਿਆ ਕਰਦੇ ਸਨ। ਪਰ ਜਦੋਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਸੰਪਰਕ 'ਚ ਆਏ ਤਾਂ ਹੁਕਮ ਅਨੁਸਾਰ ਦਸਤਾਰ ਦਾ ਰੂਪ ਗੁਰਮੁਖੀ (ਗੋਲ ਜਾਂ ਸਿੱਧੀ) ਕਰ ਲਿਆ। ਇਹ ਬੜੀ ਅਹਿਮ ਗੱਲ ਹੈ ਕਿ ਬੀਤੇ ਸਮੇਂ ਨਾਲ ਜਦੋਂ ਹੰਸਪਾਲ ਜੀ ਐਮ ਪੀ ਬਣੇ ਜਾਂ UNO ਤੱਕ ਵੀ ਗਏ ਤਾਂ ਵੀ ਉਹਨਾਂ ਨੇ ਗੁਰਮੁਖੀ ਦਸਤਾਰ ਤੇ ਨਾਮਧਾਰੀ ਪਹਿਰਾਵਾ ਨਹੀਂ ਬਦਲਿਆ।

ਸ. ਕੁਲਤਾਰ ਸਿੰਘ ਸੰਧਵਾ (ਸਪੀਕਰ ਪੰਜਾਬ ਸਰਕਾਰ) ਨੇ ਹੰਸਪਾਲ ਜੀ ਦੀ ਭਵਿਖ ਮੁਖੀ ਰਾਜਨੀਤਿਕ ਚੇਤਨਾ ਦੀ ਗੱਲ ਕੀਤੀ ਕਿ ਕਿਸਤਰਾਂ ਹੰਸਪਾਲ ਜੀ ਨਾਲ ਜਦੋਂ ਮੈਂ ਆਮ ਆਦਮੀ ਪਾਰਟੀ ਬਾਰੇ ਗੱਲ ਕੀਤੀ ਤਾਂ ਉਹਨਾਂ ਦਾ ਬੜਾ ਸਪਸ਼ਟ ਜਿਹਾ ਜਵਾਬ ਦਿੱਤਾ ਕਿ ਅੱਜ ਦੇ ਦੌਰ ਵਿੱਚ ਕੇਜਰੀਵਾਲ ਵਰਗਾ ਲੀਡਰ ਲੱਭਣਾ ਵੀ ਮੁਸ਼ਕਿਲ ਹੈ। ਇਸ ਲਈ ਤੈਨੂੰ ਜ਼ਰੂਰ ਉਹਨਾਂ ਨੂੰ ਜੋਇਨ ਕਰ ਲੈਣਾ ਚਾਹੀਦਾ ਹੈ।

ਸਟੇਜ ਸਕੱਤਰ ਨੇ ਦੱਸਿਆ ਕਿ ਸਪੀਕਰ ਕੁਲਤਾਰ ਸਿੰਘ ਜੀ ਗਿਆਨੀ ਜੈਲ ਸਿੰਘ ਜੀ ਦੇ ਪੋਤਰੇ ਹਨ ਜਿੰਨਾ ਨਾਲ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਬੰਧ ਪਰਿਵਾਰ ਵਰਗੇ ਹੀ ਸਨ। ਸਤਿਗੁਰੂ ਜੀ ਦੀ ਦਿਲੀ ਇੱਛਾ ਸੀ ਕਿ ਕੋਈ ਸਿੱਖ ਚੇਹਰਾ ਦੇਸ਼ ਦਾ ਰਾਸ਼ਟਰਪਤੀ ਬਣੇ। ਇਸ ਵਿਚਾਰ ਨੂੰ ਹੰਸਪਾਲ ਜੀ ਰਾਹੀਂ ਤਦਵਕਤ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਤਕ ਭੇਜਿਆ। ਸ਼੍ਰੀਮਤੀ ਇੰਦਰਾ ਗਾਂਧੀ ਨੇ

ਲਿਖਤੀ ਜਵਾਬ ਦਿੱਤਾ ਕਿ ਸਤਿਗੁਰੂ ਜੀ ਜਦੋ ਤਕ ਮੇਰਾ ਇਹ ਪਤਰ (ਜਵਾਬ) ਤੁਹਾਡੇ ਤੱਕ ਪਹੁੰਚੇਗਾ ਉਸ ਤੋਂ ਪਹਿਲਾਂ ਹੀ ਗਿਆਨੀ ਜੀ (ਜ਼ੈਲ ਸਿੰਘ) ਰਾਸ਼ਟਰਪਤੀ ਬਣ ਚੁੱਕੇ ਹੋਣਗੇ। ਉਸ ਜਵਾਬੀ ਲਿਖਤ ਹੰਸਪਾਲ ਜੀ ਨੇ ਮੈਨੂੰ ਵੀ ਦਿਖਾਈ ਸੀ।

ਆਮ ਆਦਮੀ ਪਾਰਟੀ ਦੇ ਪ੍ਰਮੁੱਖ ਨੇਤਾ ਸ੍ਰੀ ਰਾਘਵ ਚੱਢਾ ਜੀ ਨੇ ਹੰਸਪਾਲ ਜੀ ਦੇ ਵਿਅਕਤੀਤਵ ਦਾ ਮੁਲਾਂਕਣ ਕਰਦਿਆਂ ਆਖਿਆ ਕਿ ਹੰਸਪਾਲ ਬੜੀ ਸਾਫ ਨੀਯਤ ਵਾਲੇ ਨੇਤਾ ਸਨ। ਉਹਨਾਂ ਦਾ ਚਲੇ ਜਾਣਾ ਕੇਵਲ ਪਰਿਵਾਰ ਨੂੰ ਹੀ ਨਹੀਂ ਬਲਕਿ ਸਮੁੱਚੇ ਸਮਾਜ ਤੇ ਪਾਰਟੀ ਨੂੰ ਵੱਡਾ ਘਾਟਾ ਹੈ। ਪਰਮਾਤਮਾ ਸਾਨੂੰ ਇਹ ਭਾਣਾ ਮੰਨਣ ਦਾ ਬਲ ਬਖਸ਼ਣ। ਹੰਸਪਾਲ ਜੀ ਦੇ ਪੋਤਰੇ ਸੁੰਦਰ ਸਿੰਘ ਨਾਲ ਮੇਰੇ ਸਬੰਧ ਪਰਿਵਾਰ ਵਾਂਗੂੰ ਹੀ ਹਨ।

ਆਮ ਆਦਮੀ ਪਾਰਟੀ ਦੇ ਸੰਸਥਾਪਕ ਸ੍ਰੀ ਅਰਵਿੰਦ ਕੇਜਰੀਵਾਲ ਨੇ ਜ਼ਿਕਰ ਕੀਤਾ ਕਿ ਹੰਸਪਾਲ ਜੀ ਸਾਡੀ ਪਾਰਟੀ ਦੇ ਬਜ਼ੁਰਗ ਨੇਤਾ ਸਨ। ਲੰਮਾ ਸਮਾਂ ਉਹ ਕਾਂਗਰਸ ਵਿੱਚ ਵੀ ਰਹੇ। ਜਦੋਂ ਵੀ ਸਾਨੂੰ ਕੋਈ decision ਲੈਣਾ ਹੁੰਦਾ ਸੀ ਤਾਂ ਅਸੀ ਕਈ ਵਾਰ ਹੰਸਪਾਲ ਨਾਲ ਸੰਪਰਕ ਕਰੇਆ ਕਰਦੇ ਸਾਂ। ਬੜੀ ਖੁੱਲ੍ਹ ਦਿਲੀ ਨਾਲ ਉਹ ਆਪਣੀ ਜ਼ਿੰਦਗੀ ਦਾ ਵੱਡਾ ਤਜ਼ੁਰਬਾ ਸਾਡੇ ਨਾਲ ਸ਼ੇਅਰ (share) ਕਰਿਆ ਕਰਦੇ ਸਨ। ਸਾਰਿਆਂ ਨੂੰ ਨਾਲ ਲੈਕੇ ਤੁਰਨ ਦਾ ਖਾਸ ਗੁਣ ਉਹਨਾਂ ਵਿਚ ਸੀ।

ਪੰਡਾਲ ਵਿਚ ਲੱਗੀਆਂ ਹੋਈਆਂ ਵੱਡੀਆਂ ਸਕਰੀਨਾਂ ਉਤੇ ਪਰਿਵਾਰ ਵਲੋਂ ਇਕ ਡਾਕੂਮੈਂਟਰੀ ਫਿਲਮ ਹੰਸਪਾਲ ਜੀ ਦੇ ਜੀਵਨ ਨਾਲ ਸੰਬੰਧਿਤ ਦਿਖਾਈ ਗਈ।

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਉਪਦੇਸ਼ ਕਰਦਿਆਂ ਫਰਮਾਇਆ ਕਿ ਹੰਸਪਾਲ ਜੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਰਿਵਾਰ ਦਾ ਹਿੱਸਾ ਹੀ ਬਣ ਚੁੱਕੇ ਸਨ। ਸਤਿਗੁਰੂ ਜੀ ਦੀ ਨੇੜਤਾ ਬੜਾ ਲੰਮਾ ਸਮਾਂ ਮਾਨਣ ਦਾ ਸੁਭਾਗ ਪ੍ਰਾਪਤ ਹੋਇਆ। ਮੈਂ ਬਚਪਨ ਤੋਂ ਹੰਸਪਾਲ ਜੀ ਨੂੰ ਦੇਖਿਆ ਹੈ। ਰਜ਼ਾ ਸਤਿਗੁਰੂ ਜੀ ਦੀ ਹੁੰਦੀ ਹੈ ਪਰ ਹੰਸਪਾਲ ਜੀ ਨੂੰ ਸਤਿਗੁਰੂ ਜੀ ਨੇ ਬਹੁਤ ਹੀ ਛੋਟੇ ਸਮੇਂ ਵਿੱਚ ਵੱਡੀਆਂ ਤਰੱਕੀਆਂ ਬਖਸ਼ੀਆਂ। ਉਹ ਵਿਦਿਅਕ ਜਥੇ ਦੇ ਪ੍ਰਧਾਨ ਬਣੇ, ਫਿਰ ਨਾਮਧਾਰੀ ਦਰਬਾਰ ਦੇ ਸਕੱਤਰ ਬਣੇ, ਫਿਰ ਪ੍ਰਧਾਨ ਵਜੋਂ ਸੇਵਾ ਲੰਮਾ ਸਮਾਂ ਸੇਵਾ ਨਿਭਾਈ। ਰਾਜਨੀਤਕ ਤੌਰ ਤੇ ੧੨ ਸਾਲ ਐਮ.ਪੀ. ਰਹੇ, UNO ਤੱਕ ਵੀ ਗਏ ਪਰ ਆਪਣਾ ਸਿੱਖੀ ਸਰੂਪ ਤੇ ਪਹਿਰਾਵਾ ਨਹੀਂ ਛੱਡਿਆ। ਮੈਂ ਜਦੋਂ ਵੀ ਦਿੱਲੀ ਆਉਂਦਾ ਸਾਂ ਉਹ ਜਰੂਰ ਹਰ ਪ੍ਰੋਗਰਾਮ ’ਚ ਆਇਆ ਕਰਦੇ ਸਨ। ਵਡੇਰੀ ਉਮਰ ਵਿਚ ਵੀ ਸਵੇਰੇ ਆਸਾ ਦੀ ਵਾਰ ਚ ਮੇਰੇ ਨਾਲ ਹੀ ਆਉਣਾ ਤੇ ਨਾਲ ਹੀ ਪਿੱਛੇ ਬੈਠਣਾ। ਬੜੇ ਸਰੀਰ ਇਸ ਉਮਰ ਵਿੱਚ ਚੌਂਕੜੀ ਮਾਰ ਕੇ ਬੈਠਣ ਤੋਂ ਔਖੇ ਹੁੰਦੇ ਹਨ ਪਰ ਹੰਸਪਾਲ ਜੀ ਘੰਟਿਆਂ ਬੱਧੀ ਬੈਠ ਜਾਇਆ ਕਰਦੇ ਸਨ। ਅੱਜ ਵੀ ਇਸਤਰਾਂ ਲਗਦਾ ਏ ਜਿਸਤਰਾਂ ਉਹ ਮੇਰੇ ਨਾਲ ਹੀ ਬੈਠੇ ਹੋਣ।"

ਪਰਿਵਾਰ ਵਲੋਂ ਹੰਸਪਾਲ ਜੀ ਦੇ ਪੋਤਰੇ ਸੁੰਦਰ ਸਿੰਘ ਨੇ ਆਏ ਹੋਏ ਸਾਰੇ ਪਤਵੰਤੇ ਸੱਜਣ ਤੇ ਸਾਧ ਸੰਗਤ ਦਾ ਧੰਨਵਾਦ ਕੀਤਾ। ਆਪਣੇ ਦਾਦਾ ਜੀ ਨੂੰ ਯਾਦ ਕਰਦਿਆਂ ਦਸਿਆ ਕਿ ਹੰਸਪਾਲ ਜੀ ਦਾ ਜੀਵਨ ਬੜਾ ਨਿਯਮ ਬਧ ਸੀ। ਰੋਜ਼ਾਨਾ ਸਮੇਂ ਨਾਲ ਉਠ ਕੇ ਇਸ਼ਨਾਨ ਕਰਕੇ ਨਾਮ ਸਿਮਰਨ ਕਰਨਾ। ਪੰਜ ਬਾਣੀਆਂ ਦਾ ਪਾਠ ਵੀ ਜ਼ਰੂਰ ਕਰਦੇ। ਸ਼ਾਮ ਨੂੰ ਸੂਰਜ ਢਲਣ ਤੋਂ ਬਾਅਦ ਕੁਝ ਨਹੀਂ ਸਨ ਖਾਇਆ ਕਰਦੇ। ਰਾਤ ਨੂੰ 8-9 ਵਜੇ ਤਕ ਬਿਸਤਰੇ ਤੇ ਲੇਟ ਜਾਇਆ ਕਰਦੇ ਸਨ। ਹਰ ਪ੍ਰਾਪਤੀ ਨੂੰ ਉਹ ਸਤਿਗੁਰੂ ਜੀ ਦੀ ਕਿਰਪਾ ਹੀ ਮੰਨਦੇ ਸਨ। ਬੇਸ਼ਕ ਅੱਜ ਉਹ ਸਾਡੇ ਵਿਚ ਨਹੀਂ ਹਨ ਪਰ ਉਹਨਾਂ ਦੁਆਰਾ ਦਿੱਤੀਆਂ ਸਿੱਖਿਆਵਾਂ ਸਾਡੇ ਨਾਲ ਹਨ ਤੇ ਸਤਿਗੁਰੂ ਜੀ ਕਿਰਪਾ ਕਰਨ ਅਸੀ ਉਹਨਾਂ ਸਿਧਾਤਾਂ ਉਤੇ ਚਲ ਸਕੀਏ। ਸਾਰੀ ਸਾਧ ਸੰਗਤ ਪ੍ਰਸ਼ਾਦਾ ਜ਼ਰੂਰ ਛੱਕ ਕੇ ਜਾਵੇ।

ਹੰਸਪਾਲ ਜੀ ਨਮਿਤ ਕੁੱਲ 11 ਪਾਠਾਂ ਦੇ ਭੋਗ ਪਾਏ ਗਏ। ਜਿਸ ਵਿਚੋਂ 10 ਪਾਠ ਪਰਿਵਾਰ ਵਾਲਿਆਂ ਵਲੋਂ ਆਪ ਕੀਤੇ ਗਏ ਸਨ ਤੇ ਇਕ ਪਾਠ ਮਹੰਤ ਪ੍ਰੀਤਮ ਸਿੰਘ ਜੀ ਨੇ ਕੀਤਾ ਸੀ। ਸਮਾਪਤੀ ਦੀ ਅਰਦਾਸ ਸੂਬਾ ਬਲਵਿੰਦਰ ਸਿੰਘ ਜੀ ਝਲ ਨੇ ਕੀਤੀ। ਸਮਾਗਮ ਦੌਰਾਨ ਵਡੀ ਗਿਣਤੀ ਵਿਚ ਵਿਸ਼ੇਸ਼ ਹਸਤੀਆਂ ਦੀ ਆਮਦ ਹੋਈ ਜਿੰਨਾ ਦੇ ਨਾਮ ਹੇਠ ਲਿਖੇ ਅਨੁਸਾਰ ਹਨ-

- Shri. Arvind Kejriwal (AAP)
- Raghav Chadda (APP)
- S.Kultar Singh Sandhwan ( Speaker Punjab)
- S.Tarlochan Singh (Ex.MP, Cabinet Minister)
- Sant Kisan Sah Vidarthi ( Mahamandleshwar Valmiki Mandir Delhi)
- Ramgarhia Federation
- Ramgarhia Board Delhi
- Jagdeep singh Ex.MLA (Punjab)
- Dayanand Chandela Ex. MLA (Delhi)
- Ajitpal Singh Former Indian Hockey Captain
- Prof. Harbans Singh (Vice President SGTB

Khalsa College)
- Upinder Sharma Ex. Jail Minister (Punjab)
- Traders Bank Staff
- Gurpreet Singh Gogi MLA
-Navtej Singh Cheema Ex. MLA (Punjab Congress)
- Dr. Manjit Singh (Former HOD Punjabi Dept. Delhi Univ.)
- Prof.Ravi Ravinder (Dean Culture Dept. And Director Centre For Independence and Partition Studies, Delhi Univ.)
-S.Jaspreet Singh Karamsar (Chairman DSGDPC)
- S. Paramjit Singh Sarna (President SADD)
-R.S Grover (Sec. Sawan Kirpal Ruhani Mission)
- S.Manjinder Singh Sirsa BJP
- J.S Kohli (C.A)
-S. Bhupinder Singh Bhullar (Ex. Mem DSGPC)
- Subash Sachdeva ( Ex.MLA)
-S. Karnail Singh Peer Muhammad ( Gen. Sec SAD Badal)
-Sukhwinderpal Singh Grewal (Senior BJP Leader)
-Darshan Singh Nainiwal (president BJP Kisan Morcha Punjab)
- Labh Singh Ahluwalia ( Congress)
- Tajinder Singh Gopa Veer Ji
-Gurpreet Raja (Congress Block President Ramesh Nagar)
- Rana Sodi ( Ex. Cabinet Minister)
- Kuldeep Singh Vaid (Ex. IAS, Ex. MLA)

ਇਸ ਤੋਂ ਇਲਾਵਾ ਵੱਡੀ ਗਿਣਤੀ ਵਿਚ ਵਖ ਵਖ ਸੰਸਥਾਵਾਂ ਤੇ ਆਗੂਆਂ ਵਲੋਂ ਸ਼ੋਕ ਸੰਦੇਸ਼ ਵੀ ਭੇਜੇ ਗਏ। ਕੁਝ ਖਾਸ ਨਾਮ ਜ਼ਿਕਰਯੋਗ ਹਨ–

- Shri Narendra Modi ( Prime Minister)
- Shri Nitin Gadkari (Minister Of Road Transport And Highways)
- Sonia Gandhi ( Chairperson Congress)
- Shri Om Birla ( Speaker Lok sabha)
- Gurpreet Singh Gogi (MLA Ludhiana West)
- Ashok Prashar (MLA Ludhiana Central)
-Muhammad Usman Ludhianvi (Shahi Imam Punjab)
- Kulwant Singh Sidhu ( MLA
- Amrinder Singh Raja Warring ( MP, President Congress Punjab)
- Daljit Singh Bhola MLA
- Sanjeev Talwar (Ex. MLA )
-Delhi Sikh Gurdwara Management Committee
- Namdhari Sangat Ludhiana
- Namdhari Sangat Hydrabad
- Punjabi Sahet Academy Ludhiana
-Gurdwara Sri Guru Singh Sabha (Ramesh Nagar)

........................................................

## Matrimonial

**Maninder Singh**
Father's name. Hira singh
Dob. 29 oct 1994
Cast. Kaler sehmi, Ramgarhia
Height. 6'
Education- Science and business, management
Occupation- Brampton Canada
9815961174

........................................................

**Namdhari boy**
Height - 6 feet
Age - 29 years
Education : B. Tech (Civil), from NIT Jalandhar
Occupation - Government Job (officer)
Ramgarhia family
Contact No: 9417867162

........................................................

# ਮਾਤਾ ਸੁਰਜੀਤ ਕੌਰ ਦੇ ਭੋਗ ਸਮਾਗਮ ਦੀਆਂ ਤਸਵੀਰਾਂ

31.12.2024
















ਗੁਰਪ੍ਰੀਤ ਸਿੰਘ ਸ੍ਰੀ ਭੈਣੀ ਸਾਹਿਬ ਦੇ ਅਰਥ ਰੈਸਟੋਰੈਂਟ ਨੂੰ ਟਾਈਮਸ ਆਫ਼ ਇੰਡੀਆ ਵੱਲੋਂ ਬੇਸਟ ਵੈੱਜ ਰੈਸਟੋਰੈਂਟ ਦਾ ਅਵਾਰਡ ਮਿਲਿਆ।



Date of Publication: 21 January 2025
Date of Posting: 23 January 2025

RNI NO.55658/93
LDM/008/2021-2023

# ਸ਼ਹੀਦੀ ਜੋੜ ਮੇਲਾ ਸ੍ਰੀ ਫ਼ਤਹਿਗੜ੍ਹ ਸਾਹਿਬ

25.12.2024

















Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.